ੴ ਸਤਿਗੁਰ ਪ੍ਰਸਾਦਿ ॥

## “ਅਕਾਲ ਤਖਤ ਦੀ ਇਹ ਲਲਕਾਰ ਸਾਬਤ ਸੂਰਤ ਸਿਰ ਦਸਤਾਰ।”

### “ਸਾਬਤ ਸੂਰਤਿ ਦਸਤਾਰ ਸਿਰਾ”

# ਨਿਆਰਾ ਖਾਲਸਾ – ਸੰਤ ਸਿਪਾਹੀ

ਸਿੱਖ ਯੁਵਕਾਂ ਦੀਆਂ ਸਮੱਸਿਆਵਾਂ ਤੇ ਵਿਚਾਰ ਗੋਸ਼ਟੀ

ਅਤੇ

ਉਨ੍ਹਾਂ ਦਾ ਹੱਲ

ਸਿੰਘ ਇੰਜ ਕਿੰਗ



ਸਿੰਘ ਇੰਜ ਕਿੰਗ

ਉਪਰੋਕਤ ਹਰਿਆਵਣੀ ਜੱਟ ਜੋ ਸਿੱਖੀ ਧਾਰਣ ਕਰਕੇ ਬਲਜੀਤ ਸਿੰਘ ਖਾਲਸਾ ਬਣ ਗਿਆ

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟ੍ਰਸਟ, ਚੰਡੀਗੜ੍ਹ

ਲੇਖਕ–ਜਸਵੀਰ ਸਿੰਘ Ph. : (0172-2696891), 09988160484

Download Free

# ਭੂਮਿਕਾ

## ਨਿਆਰਾ ਖਾਲਸਾ - ਸੰਤ ਸਿਪਾਹੀ

**ਪ੍ਰਚਾਰਕ:** ਇਕ ਨੌਜੁਆਨ ਨੂੰ ਸੰਬੋਧਨ ਕਰਦੇ ਹੋਏ..........ਬੇਟਾ ਜੀ! ਤੁਸੀਂ ਪਗੜੀ ਕਿਉਂ ਨਹੀਂ ਬੰਨ੍ਹਦੇ?

**ਯੁਵਕ:** ਦੇਖੋ! ਗਿਆਨੀ ਜੀ ਤੁਸੀਂ ਮੈਨੂੰ ਬਾਰ-ਬਾਰ ਪਗੜੀ ਬੰਨ੍ਹਣ ਲਈ ਮਜ਼ਬੂਰ ਨਾ ਕੀਤਾ ਕਰੋ। ਕੀ ਇਹ ਘੱਟ ਗੱਲ ਹੈ, ਮੈਂ ਪੂਰਣ ਸਰੂਪ (ਸਾਬੁਤ-ਸੂਰਤ) ਵਿੱਚ ਸਿੱਖ ਹਾਂ, ਕਿਤੇ ਵੀ ਕੇਸ਼ਾਂ ਨੂੰ ਖੰਡਨ ਨਹੀਂ ਕੀਤਾ, ਜਦ ਮੈਂ ਕੋਈ ਬੇ-ਅਦਬੀ ਨਹੀਂ ਕੀਤੀ ਤਾਂ ਫਿਰ ਕੀ ਹੋ ਗਿਆ ਜੇਕਰ ਮੈਂ ਪਗੜੀ ਨਹੀਂ ਬੰਨ੍ਹ ਸਕਦਾ?

**ਪ੍ਰਚਾਰਕ:** ਮੈਂ ਇੱਕ ਗੁਰਸਿੱਖ ਹੋਣ ਦੇ ਨਾਤੇ ਗੁਰਦੇਵ ਜੀ ਦਾ ਭੇਜਿਆ ਉਨ੍ਹਾਂ ਦਾ ਪ੍ਰਤੀਨਿਧੀ ਹਾਂ। ਮੈਂ ਆਪਣੀ ਤਰਫੋਂ ਕੁਝ ਵੀ ਨਹੀਂ ਕਹਿੰਦਾ, ਜੋ ਗੁਰਦੇਵ ਦਾ ਹੁਕਮ ਹੈ। ਉਹ ਹੀ ਬਾਰ-ਬਾਰ ਤੁਸਾਂ ਨੂੰ ਸੁਣਾਂਦਾ ਹਾਂ। ਗੁਰਦੇਵ ਜੀ ਦਾ ਕਹਿਣਾ ਹੈ ਆਪ ਮੇਰੇ ਸੰਤ-ਸਿਪਾਹੀ ਪੁੱਤਰ ਹੋ। ਇਸ ਲਈ ਆਪ ਸਭ ਨੂੰ ਨਿਆਰੇ ਬਾਣੇ (ਪੰਜ ਕਕਾਰੀ ਵਰਦੀ) ਵਿਚ ਰਹਿਣਾ ਚਾਹੀਦਾ ਹੈ। ਯਾਨੀ ਕਿ "ਸਾਬੁਤ ਸੂਰਤ, ਦਸਤਾਰ ਸਿਰਾ।" ਏਸੇ ਲਈ ਮੈਂ ਆਪ ਜੀ ਨੂੰ ਉਨ੍ਹਾਂ ਦਾ ਸੰਦੇਸ਼ ਬਾਰ-ਬਾਰ ਸੁਣਾਇਆ ਹੈ ਕਿ ਹਰ ਇਕ ਸਿੱਖ ਨੂੰ ਸਭ ਤੋਂ ਪਹਿਲਾਂ ਪਗੜੀ ਧਾਰੀ ਹੋਣਾ ਅਤਿ ਜ਼ਰੂਰੀ ਹੈ। ਕਿਉਂਕਿ ਇਸ ਦੇ ਪਿੱਛੇ ਇਕ ਬਹੁਤ ਵੱਡਾ ਰਾਜ਼ ਛਿਪਿਆ ਹੋਇਆ ਹੈ। ਖ਼ੈਰ.......ਇਸ ਸਮੇਂ ਤੁਸਾਂ ਨੂੰ ਇਕ ਦੁਖਾਂਤ ਘਟਨਾ-ਕਰਮ ਇਥੇ ਸੁਣਾਉਣਾ ਜ਼ਰੂਰੀ ਸਮਝਦਾ ਹਾਂ ਲਓ ਸੁਣੋ........

ਪਿਛਲੇ ਦਹਾਕੇ ਵਿਚ, ਲੱਗਭੱਗ ਸੰਨ 1998 ਈ. ਦੀ ਗੱਲ ਹੈ। 'ਸਪੋਕਸ ਮੈਨ' ਮਾਸਿਕ ਪੱਤ੍ਰਿਕਾ ਵਿਚ ਇਕ ਲੇਖ ਛਪਿਆ ਸੀ, ਜਿਸ ਦਾ ਸਾਰ ਅੰਸ਼ ਇਸ ਪ੍ਰਕਾਰ ਹੈ..........ਸਿੱਖ

ਪਰਿਵਾਰ ਦੀ ਇਕ ਕੁੜੀ ਪਾਕਿਸਤਾਨ ਦੇ ਲਾਹੌਰ ਨਗਰ ਤੋਂ ਬ੍ਰਿਟਿਸ਼ ਐਮਬੈਸੀ ਦੀ ਕਿਸੀ ਤਰ੍ਹਾਂ ਸਹਾਇਤਾ ਪ੍ਰਾਪਤ ਕਰਕੇ ਵਾਪਿਸ ਲੰਡਨ ਪੁੱਜ ਗਈ। ਉਸ ਕੁੜੀ ਨੇ ਉਥੇ ਦੇ ਵਸਨੀਕ ਸਿੱਖ ਸਮਾਜ ਦੇ ਸਨਮੁੱਖ ਕੁਝ ਖ਼ਾਸ ਬਿਆਨ ਦਿੱਤੇ ਜੋ ਇਸ ਪ੍ਰਕਾਰ ਹਨ...........ਪਾਕਿਸਤਾਨ ਦੇ ਅਲੱਗ-ਅਲੱਗ ਵੱਡੇ ਸ਼ਹਿਰਾਂ ਵਿੱਚ ਲੱਗਭੱਗ 350 ਸਿੱਖ ਪਰਿਵਾਰਾਂ ਦੀਆਂ ਮੁਟਿਆਰਾਂ ਵੇਸ਼ਵਾ ਵਿਰਤੀ ਦੇ ਪੇਸ਼ੇ 'ਚ ਮਜ਼ਬੂਰੀ ਵਸ ਕੰਮ ਕਰ ਰਹੀਆਂ ਹਨ। ਉਸ ਕੁੜੀ ਦਾ ਕਹਿਣਾ ਸੀ ਉਨ੍ਹਾਂ ੩੫੦ ਸਿੱਖ ਪਰਿਵਾਰ ਦੀਆਂ ਬੀਬੀਆਂ ਨੂੰ ਵੀ ਮੇਰੀ ਤਰ੍ਹਾਂ ਲੰਡਨ ਵਿਚ ਵਸਣ ਵਾਲੇ ਪਾਕਿਸਤਾਨੀ ਪੰਜਾਬੀ ਮੁੰਡਿਆਂ ਨੇ ਬਹਲਾ-ਫੁਸਲਾ ਕੇ ਨਿਕਾਹ (ਵਿਆਹ) ਕਰਣ ਦਾ ਵਾਇਦਾ ਕਰ ਕੇ ਪਾਕਿਸਤਾਨ ਪਹੁੰਚਾ ਦਿੱਤਾ ਅਤੇ ਉਥੇ ਉਨ੍ਹਾਂ ਨੂੰ ਵੇਚ ਦਿੱਤਾ ਗਿਆ। ਸਥਾਨੀ ਪੱਤਰਕਾਰਾਂ ਦੇ ਪ੍ਰਸ਼ਨਾਂ ਦਾ ਉੱਤਰ ਦੇਂਦੇ ਹੋਏ ਉਸ ਕੁੜੀ ਨੇ ਦੱਸਿਆ ਕਿ........ਇਥੇ ਲੰਡਨ ਵਿਚ ਪਾਕਿਸਤਾਨੀ ਪੰਜਾਬੀਆਂ ਨੇ ਇਕ ਸੋਸਾਇਟੀ ਬਣਾਈ ਹੋਈ ਹੈ ਜਿਸ ਦਾ ਮੁੱਖ ਟੀਚਾ ਸਿੱਖ ਕੁੜੀਆਂ ਨੂੰ ਪਾਕਿਸਤਾਨੀ ਬਾਜ਼ਾਰਾਂ ਵਿਚ ਵੇਚਣਾ ਹੈ। ਇਸ ਕਾਰਜ ਲਈ ਉਨ੍ਹਾਂ ਨੇ ਆਪਣੇ ਯੁਵਕਾਂ ਨੂੰ ਇਕ ਖਾਸ ਤਰ੍ਹਾਂ ਦੀ ਟ੍ਰੇਨਿੰਗ ਦਿੱਤੀ ਹੈ। ਜਿਸ ਵਿਚ ਕੁੜੀਆਂ ਦਾ ਮਨ ਜਿੱਤਣ ਦੀ ਕਲਾ ਸਿਖਾਈ ਜਾਂਦੀ ਹੈ। ਦੂਜਾ ਯੁਵਕਾਂ ਨੂੰ ਬਣ-ਠਣ ਕੇ ਭਾਵ Handsome ਬਣ ਕੇ ਰਹਿਣਾ ਸਿਖਾਇਆ ਜਾਂਦਾ ਹੈ। ਤੀਜਾ ਕੁੜੀਆਂ ਦੇ ਸਾਹਮਣੇ ਚਰਿੱਤਰਵਾਨ ਅਤੇ ਪਰਹੇਜ਼ਗਾਰ ਰਹਿਣ ਦੀ ਐਕਟਿੰਗ ਕਰਨਾ ਸਿਖਾਇਆ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਮੁੰਡਿਆਂ ਨੂੰ ਇਕ ਖਾਸ ਰਕਮ ਦਿੱਤੀ ਜਾਂਦੀ ਹੈ ਜੋ ਉਹ ਆਪਣੀ ਪ੍ਰੇਮਿਕਾ ਤੇ ਅੰਨ੍ਹੇ ਵਾਹ ਖਰਚ ਕਰ ਕੇ ਕੁੜੀ ਤੇ ਆਪਣੀ ਅਮੀਰੀ ਦਾ ਦਬ-ਦਬਾ ਬਿਠਾ ਸਕੇ। ਇਹ ਰਕਮ ਮੁੰਡਿਆਂ ਨੂੰ ਕੁੜੀ ਦੇ ਵਿਕ ਜਾਣ ਤੇ ਤਨਜ਼ੀਮ ਨੂੰ ਮੋੜਨੀ ਹੁੰਦੀ ਹੈ ਬਾਕੀ ਦੀ ਬਚਦੀ ਰਕਮ ਉਸ ਮੁੰਡੇ ਨੂੰ ਮਿਹਨਤਾਨੇ ਵਜੋਂ ਮਿਲਦੀ ਹੈ। ਇਸ ਪ੍ਰਕਾਰ ਇਥੇ ਲੰਡਨ ਵਿਚ ਕਈ ਮੁੰਡੇ ਇਸੀ ਕੰਮ ਵਿਚ ਪੇਸ਼ਾਵਰ ਬਣ ਕੇ ਇਹੀ ਕੰਮ ਕਰੀ ਜਾ ਰਹੇ ਹਨ।

ਇਸ ਪ੍ਰਕਾਰ ਉਸ ਕੁੜੀ ਤੇ ਉਥੋਂ ਦੇ ਪੱਤਰਕਾਰਾਂ ਦਾ ਪ੍ਰਸ਼ਨ ਸੀ ਸਿੱਖ ਯੁਵਤੀਆਂ ਨੂੰ ਮੁਸਲਮਾਨ ਮੁੰਡੇ ਹੀ ਕਿਉਂ ਪਸੰਦ ਆਉਂਦੇ ਸੀ? ਕੀ ਸਿੱਖ ਮੁੰਡਿਆਂ ਦੀ ਕਮੀ ਸੀ? ਇਸ ਦੇ ਉੱਤਰ

ਵਿਚ ਉਸ ਕੁੜੀ ਨੇ ਉੱਤਰ ਦਿੱਤਾ-ਪਹਿਲੀ ਗੱਲ ਤਾਂ ਸਿੱਖ ਕੁੜੀਆਂ ਨੂੰ ਸਿੱਖ ਪ੍ਰੰਪਰਾ ਅਤੇ ਸਿੱਖ ਰਹਿਤ-ਬਹਿਤ ਬਾਰੇ ਬਿਲਕੁਲ ਵੀ ਗਿਆਨ ਨਹੀਂ ਹੁੰਦਾ। ਦੂਜਾ ਸਿੱਖ ਯੁਵਕ ਆਪਣੀ **Personality Development** ਲਈ ਬਿਲਕੁਲ ਵੀ ਜਾਗਰੂਕ ਨਹੀਂ ਹੁੰਦੇ, ਉਹ ਗ਼ਫਲਤ ਦੀ ਨੀਂਦ ਸੁੱਤੇ ਰਹਿੰਦੇ ਹਨ। ਭਾਵ ਜ਼ਿਆਦਾਤਰ ਸਿੱਖ ਮੁੰਡੇ ਪੱਗ ਬੰਨ੍ਹਦੇ ਹੀ ਨਹੀਂ ਅਤੇ ਦਾੜ੍ਹੀ-ਮੁੱਛਾਂ ਦਾ ਬੁਰੀ ਤਰ੍ਹਾਂ ਅਪਮਾਨ ਕਰਦੇ ਹਨ ਜਿਸ ਕਰ ਕੇ ਉਹ Handsome ਦਿਖਣ ਦੀ ਥਾਂ ਕਰੂਪ ਲੱਗਦੇ ਹਨ, ਕਿਉਂਕਿ ਉਨ੍ਹਾਂ ਨੂੰ Natural Beauty ਬਾਰੇ ਗਿਆਨ ਨਹੀਂ ਜੋ ਕਿ ਉਨ੍ਹਾਂ ਨੂੰ God Gift ਵਜੋਂ ਮਿਲਿਆ ਹੋਇਆ ਇਕ ਵਰਦਾਨ ਹੈ। ਜੇਕਰ ਉਹ ਆਪਣੀ ਦਾੜ੍ਹੀ-ਮੁੱਛਾਂ ਗੁਰ ਮਰਿਆਦਾ ਅਨੁਸਾਰ ਸ਼ਿੰਗਾਰਨ ਤਾਂ ਉਹ ਸਭ ਤੋਂ ਸੁੰਦਰ ਦ੍ਰਿਸ਼ਟੀ ਗੋਚਰ ਹੋਣ। ਇਸ ਤੋਂ ਇਲਾਵਾ ਸਿੱਖ ਮੁੰਡਿਆਂ ਵਿਚ ਸ਼ਿਸ਼ਟਾਚਾਰ (Good manners) ਦੀ ਵੀ ਵੱਡੀ ਘਾਟ ਹੁੰਦੀ ਹੈ ਜੋ ਕਿ ਸਭ ਤੋਂ ਵੱਡਾ ਇਕ-ਦੂਜੇ ਪ੍ਰਤੀ ਕਸ਼ਿਸ਼ ਦਾ ਕਾਰਣ ਬਣਦੀ ਹੈ। ਤੀਜਾ-ਸਿੱਖ ਮੁੰਡੇ ਐਬਾਂ ਵਿਚ ਪੈ ਗਏ ਹਨ ਜਦ ਕਿ ਮੁਸਲਮਾਨ ਪਰਹੇਜ਼ਗਾਰ ਹੋਣ ਦੀ ਐਕਟਿੰਗ ਬਹੁਤ ਚੰਗੀ ਕਰ ਲੈਂਦੇ ਹਨ ਅਤੇ ਉਹ ਪੰਜਾਬੀ ਬਹੁਤ ਸ਼ੁੱਧ ਬੋਲਦੇ ਹਨ। ਪੱਤਰਕਾਰਾਂ ਦਾ ਅਗਲਾ ਪ੍ਰਸ਼ਨ ਸੀ ਕਿ ਮੁਸਲਿਮ ਯੁਵਤੀਆਂ ਨੂੰ ਸਿੱਖ ਮੁੰਡੇ ਬਦਲੇ ਵਿੱਚ ਅਗਵਾ ਕਰ ਸਕਦੇ ਸਨ। ਇਸ ਦੇ ਉੱਤਰ ਵਿੱਚ ਉਸ ਬੀਬੀ ਨੇ ਆਖਿਆ........ਪਾਕਿਸਤਾਨੀ ਲੋਕ ਆਪਣੀਆਂ ਨੂੰਹਾਂ ਅਤੇ ਧੀਆਂ ਨੂੰ ਇਥੇ ਵੀ ਪਰਦੇ ਵਿਚ ਬੜੀ ਸਖ਼ਤੀ ਨਾਲ ਰੱਖਦੇ ਹਨ ਉਹ ਸਿੱਖ ਇਸਤਰੀਆਂ ਦੀ ਤਰ੍ਹਾਂ ਆਜ਼ਾਦ ਨਹੀਂ।

ੴ ਸਤਿਗੁਰ ਪ੍ਰਸਾਦਿ ॥

"ਅਕਾਲ ਤਖਤ ਦੀ ਇਹ ਲਲਕਾਰ

ਸਾਬਤ ਸੂਰਤ ਸਿਰ ਦਸਤਾਰ ।"

ਦਸਤਾਰ ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਪਗੜੀ। ਪੱਗ ਨੂੰ ਭਾਰਤ ਵਰਸ਼ ਵਿਚ ਰਾਸ਼ਟਰੀ ਪਹਿਰਾਵੇ ਦਾ ਅਨਿੱਖੜਵਾਂ ਅੰਗ ਮੰਨਿਆ ਗਿਆ ਹੈ। ਭਾਰਤ ਦੇ ਵੱਖਰੇ-ਵੱਖਰੇ

ਪ੍ਰਾਂਤਾਂ ਵਿਚ ਪੱਗ ਬੰਨ੍ਹਣ ਦਾ ਅੰਦਾਜ਼ ਭਾਵੇਂ ਵੱਖਰਾ-ਵੱਖਰਾ ਹੈ ਪਰ ਸਾਰੇ ਲੋਕ ਪਗੜੀਧਾਰੀ ਵਿਅਕਤੀ ਨੂੰ ਇਕ ਬਹੁਤ ਵਿਸ਼ੇਸ਼ ਵਿਅਕਤੀ ਮੰਨ ਕੇ ਆਦਰ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ। ਪੱਗ ਵਿਅਕਤੀ ਵਿਸ਼ੇਸ਼ ਦਾ ਤਾਜ ਮੰਨਿਆ ਜਾਂਦਾ ਹੈ ਅਤੇ ਪੱਗ ਉਸ ਵਿਅਕਤੀ ਦੀ ਸ਼ੋਭਾ ਨੂੰ ਚਾਰ ਚੰਨ ਲਾ ਦੇਂਦੀ ਹੈ।

ਆਧੁਨਿਕ ਯੁਗ ਵਿੱਚ ਵਧੇਰੇ ਭਾਰਤੀਆਂ ਨੇ ਪੱਗ ਬੰਨ੍ਹਣੀ ਛੱਡ ਦਿੱਤੀ ਹੈ ਜਦ ਕਿ ਸਿੱਖ ਜਗਤ ਵਿਚ ਪੱਗ ਸਿੱਖਾਂ ਦੇ ਪਹਿਰਾਵੇ (ਪੁਸ਼ਾਕ) ਦਾ ਜ਼ਰੂਰੀ ਅੰਗ ਹੈ, ਕਿਉਂਕਿ ਪਗੜੀ ਸਿੱਖ ਵਿਸ਼ਵਾਸਾਂ ਦੇ ਅਨੁਸਾਰ ਉਨ੍ਹਾਂ ਦੇ ਨਿਆਰੇ ਸਰੂਪ ਨੂੰ ਪੂਰੇ ਵਿਸ਼ਵ ਵਿਚ ਇੱਕ ਪਹਿਚਾਣ ਦਿਵਾਉਂਦੀ ਹੈ। ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਸਿੱਖ ਜਗਤ ਨੂੰ ਗੁਰੂਆਦੇਸ਼ ਹੈ ਕਿ ਉਹ ਨਿਆਰੇ ਸਰੂਪ ਵਿਚ ਰਹਿਣ ਅਰਥਾਤ 'ਸਾਬਤ ਸੂਰਤਿ ਦਸਤਾਰ ਸਿਰਾ'

ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ਼ ਦੀਓ ਮੈਂ ਸਾਰਾ॥
ਜਬ ਇਹ ਗਹੈਂ ਬਿਪ੍ਰਨ ਕੀ ਰੀਤਿ, ਮੈਂ ਨ ਕਰਉਂ ਇਨਕੀ ਪ੍ਰਤੀਤਿ॥

ਵਰਤਮਾਨ ਸਮੇਂ ਵਿਚ ਕੁਝ ਸਿੱਖ ਯੁਵਕ ਦਸਤਾਰ (ਪੱਗ) ਬੰਨ੍ਹਣ ਵਿੱਚ ਆਲਸ ਕਰਦੇ ਹਨ, ਇਸ ਤਰ੍ਹਾਂ ਉਹ ਆਪਣੇ ਬਚਪਨ ਵਿਚ ਵਰਤੋਂ ਵਿਚ ਲਿਆਈ ਜਾਣ ਵਾਲੀ ਵਿਧੀ 'ਪਟਕਾ' ਹੀ ਬੰਨ੍ਹ ਕੇ ਆਪਣੇ ਕੇਸ਼ਾਂ ਅਤੇ ਜੂੜੇ ਨੂੰ ਢੱਕਦੇ ਹਨ। ਇਹ ਤਰੀਕਾ ਉਨ੍ਹਾਂ ਦੀ ਸੁੰਦਰਤਾ ਅਤੇ ਗੌਰਵ ਨੂੰ ਬਹੁਤ ਭਾਰੀ ਠੇਸ ਪਹੁੰਚਾਉਂਦਾ ਹੈ।ਅਜਿਹਾ ਕਰਨ ਨਾਲ ਜਿਥੇ ਗੁਰੂ-ਆਦੇਸ਼ਾਂ ਦੀ ਉਲੰਘਣਾ ਹੁੰਦੀ ਹੈ, ਉਥੇ ਸਿੱਖ-ਸਮਾਜ ਵਿਚ ਵੀ ਕੁਰੀਤੀਆਂ ਵਧ ਰਹੀਆਂ ਹਨ, ਜਿਸ ਦਾ ਅੰਤ ਪਤਿਤਵਾਦ ਵਿਚ ਬਦਲਦਾ ਹੈ। ਇਸ ਲਈ ਇਸ ਸਮੱਸਿਆ ਦਾ ਹੱਲ ਠੀਕ ਸਮੇਂ ਤੇ ਸਿੱਖ-ਜਗਤ ਨੂੰ ਸਾਵਧਾਨ ਕਰਨ ਵਿਚ ਹੀ ਹੈ ਤਾਂ ਕਿ ਮਾਤਾ ਪਿਤਾ ਕਿਤੇ ਵੀ ਢਿੱਲਾਪਨ ਨਾ ਦਿਖਾਉਣ, ਨਹੀਂ ਤਾਂ ਉਨ੍ਹਾਂ ਦੇ ਘਰੋਂ ਸਿੱਖੀ ਸਰੂਪ ਹੌਲੀ ਹੌਲੀ ਅਲੋਪ ਹੋ ਜਾਵੇਗਾ, ਜਿਸ ਦੇ ਦੋਸ਼ੀ ਉਹ ਖੁਦ ਹੀ ਹੋਣਗੇ ਕਿਉਂਕਿ ਜੇ ਅਸੀਂ ਗ਼ਫ਼ਲਤ ਦੀ ਨੀਂਦ ਸੁੱਤੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੀ ਯੁਵਾ ਪੀੜ੍ਹੀ ਸਾਡੇ ਤੋਂ ਬਾਗੀ ਹੋ ਜਾਵੇਗੀ।

ਇਸ ਸਮਾਜਿਕ ਕੁਰੀਤੀ ਦੇ ਵਿਰੁੱਧ ਜਾਗਰਤੀ ਲਿਆਉਣ ਦੇ ਉਦੇਸ਼ ਨਾਲ ਉਨ੍ਹਾਂ ਸਿੱਖ ਯੁਵਕਾਂ ਦੀ ਸਭਾ ਬੁਲਾਈ ਗਈ ਜੋ ਪੱਗ ਦੀ ਥਾਂ ਪਟਕਾ ਬੰਨ੍ਹ ਕੇ ਸਮਾਂ ਬਿਤਾਉਂਦੇ ਰਹਿੰਦੇ ਹਨ, ਅਰਥਾਤ ਇੱਕ ਛੋਟਾ ਜਿਹਾ ਕੱਪੜਾ ਜੋ ਕਿ ਟੋਪੀ ਵਰਗਾ ਹੁੰਦਾ ਹੈ, ਨੂੰ ਪਹਿਨ ਕੇ ਪਗੜੀ ਹੋਣ ਦਾ ਢੋਂਗ (ਪਾਖੰਡ) ਰਚਦੇ ਰਹਿੰਦੇ ਹਨ। ਅਸਲ ਵਿਚ ਸਾਡਾ ਮੁੱਖ ਉਦੇਸ਼ ਸੀ, ਯੁਵਕਾਂ ਦੀਆਂ ਸਮੱਸਿਆਵਾਂ ਸੁਣ ਕੇ ਉਨ੍ਹਾਂ ਦਾ ਹੱਲ ਲੱਭਣਾ ਅਤੇ ਯੁਵਕਾਂ ਦਾ ਸਹੀ ਮਾਰਗ-ਦਰਸ਼ਨ ਕਰਨਾ।

ਇਸ ਸਭਾ ਵਿੱਚ ਲਗਭਗ ਵੀਹ ਵਿਅਕਤੀਆਂ ਨੇ ਹਿੱਸਾ ਲਿਆ। ਸੋਲਾਂ ਤੋਂ ਵੀਹ ਸਾਲ ਦੀ ਉਮਰ ਦੇ ਯੁਵਕਾਂ (ਨੌਜੁਆਨਾਂ) ਨੇ ਸਪਸ਼ਟ ਸਵੀਕਾਰ ਕੀਤਾ ਕਿ ਉਹ ਪੱਗ ਬੰਨ੍ਹਣਾ ਨਹੀਂ ਜਾਣਦੇ ਪਰ ਹੌਲੀ-ਹੌਲੀ ਸਿੱਖਣ ਦਾ ਯਤਨ ਕਰ ਰਹੇ ਹਨ। ਜੁਆਬ ਵਿਚ ਸਭਾ ਦੇ ਪ੍ਰਬੰਧਕ ਮੁਖੀ ਨੇ ਕਿਹਾ, ਪਿਆਰੇ ਜੁਆਨੋ, ਜਦੋਂ ਮੈਂ ਕਿਸ਼ੋਰ ਅਵਸਥਾ ਦਾ ਹੋਇਆ ਤਾਂ ਮੇਰੇ ਪਿਤਾ ਜੀ ਨੇ ਇਕ ਸਧਾਰਨ ਧਾਰਮਿਕ ਪ੍ਰੋਗਰਾਮ ਘਰ ਵਿੱਚ ਕਰਵਾਇਆ ਅਤੇ ਅਰਦਾਸ ਤੋਂ ਬਾਅਦ ਮੈਨੂੰ ਗ੍ਰੰਥੀ ਸਿੰਘ ਜੀ ਨੇ ਪਗੜੀ ਬੰਨ੍ਹਣ ਦੀ ਰਸਮ ਸੰਪੂਰਨ ਕੀਤੀ। ਮੈਂ ਉਨ੍ਹਾਂ ਦਿਨਾਂ ਵਿਚ ਛੇਵੀਂ ਕਲਾਸ ਦਾ ਵਿਦਿਆਰਥੀ ਸੀ। ਉਸ ਦਿਨ ਤੋਂ ਅੱਜ ਤੱਕ ਮੈਂ ਕਦੇ ਪਗੜੀ ਤੋਂ ਬਿਨ੍ਹਾਂ ਘਰ ਤੋਂ ਬਾਹਰ ਕਦਮ ਨਹੀਂ ਰੱਖਿਆ। ਮੈਂ ਹਰ ਰੋਜ਼ ਸਵੇਰੇ ਪਗੜੀ ਬੰਨ੍ਹ ਕੇ ਸਕੂਲ ਜਾਂਦਾ ਸੀ। ਪਹਿਲਾਂ ਪਹਿਲ ਪਗੜੀ ਕੁਝ ਟੇਡੀ-ਮੇਢੀ ਹੀ ਬੱਝਦੀ ਸੀ ਪਰ ਹੌਲੀ-ਹੌਲੀ ਮੇਰਾ ਅਭਿਆਸ ਵੱਧਦਾ ਹੀ ਗਿਆ ਅਤੇ ਪਗੜੀ ਬਹੁਤ ਸੁੰਦਰ ਬੱਝਣ ਲੱਗੀ। ਅਸਲ ਵਿਚ ਮੇਰੇ ਹਿਰਦੇ ਵਿਚ ਪਗੜੀ ਬੰਨ੍ਹਣ ਵਿਚ ਰੁਚੀ ਸੀ ਅਤੇ ਮੈਂ ਪਗੜੀ ਦਾ ਆਸ਼ਿਕ ਵੀ ਸੀ। "ਜਿਥੇ ਚਾਹ ਉਥੇ ਰਾਹ" ਦੀ ਕਹਾਵਤ ਅਨੁਸਾਰ ਕੁਝ ਹੀ ਦਿਨਾਂ ਵਿਚ ਮੈਂ ਆਪਣੇ ਸਾਰੇ ਜਮਾਤੀਆਂ ਵਿਚ ਸਭ ਤੋਂ ਸੋਹਣੀ ਤੇ ਵਧੀਆ ਪਗੜੀ ਬੰਨ੍ਹਣ ਲਈ ਪ੍ਰਸਿੱਧ ਹੋ ਗਿਆ। ਉਨ੍ਹਾਂ ਦਿਨਾਂ ਵਿਚ ਮੈਨੂੰ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਗੜੀ ਬੰਨ੍ਹਣ ਦੇ ਮੁਕਾਬਲੇ ਵਿਚ ਸਨਮਾਨਿਤ ਕੀਤਾ ਗਿਆ। ਅਸਲ ਵਿਚ ਮੇਰੇ ਵਿਚ ਇਕ ਖਾਸ ਪ੍ਰਤਿਭਾ ਸੀ ਜਿਸ ਦੀ ਸ਼ਕਤੀ ਨਾਲ ਮੈਂ ਸਭ ਤੋਂ ਘੱਟ ਸਮੇਂ ਵਿਚ ਸੋਹਣੀ ਪਗੜੀ ਬੰਨ੍ਹਣ ਦਾ ਰਿਕਾਰਡ ਸਥਾਪਤ ਕਰ ਸਕਿਆ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਇਸ ਲਈ ਮੈਂ ਅੱਜ

ਇਸ ਸਮੇਂ ਤੁਹਾਡੇ ਸਾਹਮਣੇ ਘੱਟ ਤੋਂ ਘੱਟ ਸਮੇਂ ਵਿਚ ਸੋਹਣੀ ਅਤੇ ਵਧੀਆ ਪਗੜੀ ਬੰਨ੍ਹ ਕੇ ਦਿਖਾਵਾਂਗਾ। ਇਸ ਸਮੇਂ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਮੈਂਬਰ ਵੀ ਇੱਥੇ ਹਾਜ਼ਰ ਹਨ। ਤੁਹਾਡਾ ਸਾਰਿਆਂ ਦਾ ਹਾਰਦਿਕ ਸੁਆਗਤ ਹੈ। ਮੈਂ ਇਸ ਸਮੇਂ ਗੁਰੂ-ਮਰਯਾਦਾ ਅਨੁਸਾਰ ਆਪਣੀ ਪਗੜੀ ਤੁਹਾਡੇ ਸਾਹਮਣੇ ਖੋਲ੍ਹ ਕੇ ਵਿਖਾਵਾਂਗਾ। ਇੱਕ ਗੱਲ ਸਾਰੇ ਨੌਜੁਆਨ ਸਮਝ ਲੈਣ ਕਿ ਜਿਸ ਤਰ੍ਹਾਂ ਇੱਕ-ਇੱਕ ਲੜ ਚਿਣ-ਚਿਣ ਕੇ ਬੰਨ੍ਹਣ ਦਾ ਹੁਕਮ ਹੈ, ਠੀਕ ਉਸੇ ਤਰ੍ਹਾਂ ਪਗੜੀ ਉਤਾਰਨ ਦਾ ਵੀ ਇੱਕ ਤਰੀਕਾ ਹੈ। ਪਗੜੀ ਨੂੰ ਇੱਕ ਹੀ ਝਟਕੇ ਨਾਲ ਟੋਪੀ ਵਾਂਗ ਲਾਹਿਆ ਨਹੀਂ ਜਾਂਦਾ, ਜਿਵੇਂ ਇੱਕ-ਇੱਕ ਲੜ ਬੰਨ੍ਹਿਆ ਜਾਂਦਾ ਹੈ, ਠੀਕ ਉਸੇ ਤਰ੍ਹਾਂ ਇੱਕ-ਇੱਕ ਲੜ ਖੋਲ੍ਹਿਆ ਵੀ ਜਾਂਦਾ ਹੈ।

ਹੁਣ ਮੈਂ ਪਗੜੀ ਨੂੰ ਝਾੜਦਾ ਹਾਂ, ਉਸ ਤੋਂ ਬਾਅਦ ਬਿਨ੍ਹਾਂ ਪੂਣੀ ਕੀਤੇ, ਬਿਨ੍ਹਾਂ ਪਾਣੀ ਛਿੜਕੇ, ਬਿਨ੍ਹਾਂ ਕਿਸੇ ਵਿਅਕਤੀ ਦੀ ਸਹਾਇਤਾ ਲਏ, ਭਾਵ ਬਿਨ੍ਹਾਂ ਕਿਸੇ ਖਿੱਚ-ਧੂਹ ਦੇ ਪਗੜੀ ਬੰਨ੍ਹਣੀ ਸ਼ੁਰੂ ਕਰਦਾ ਹਾਂ। ਤੁਸੀਂ ਹੁਣ ਘੜੀ ਤੇ ਟਾਈਮ (ਸਮਾਂ) ਵੇਖ ਲਓ, ਇਸ ਤੋਂ ਪਹਿਲਾਂ ਕਿ ਮੈਂ ਪਗੜੀ ਬੰਨ੍ਹਾਂ, ਸਭ ਤੋਂ ਪਹਿਲਾਂ ਮੈਂ ਕੇਸ਼ਾਂ ਵਿਚ ਕੰਘਾ ਕਰਾਂਗਾ ਅਤੇ ਜੂੜਾ ਸਿਰ ਦੇ ਵਿਚਕਾਰ ਕਰਾਂਗਾ। ਕਿਉਂਕਿ ਮੱਥੇ ਤੋਂ ਉਪਰ 'ਕੇਸ਼ਕੀ' ਅਰਥਾਤ ਛੋਟੀ ਦਸਤਾਰ ਬੰਨ੍ਹੀ ਜਾ ਸਕੇ ਜੋ ਕਿ ਬਾਅਦ ਵਿਚ ਤੁਹਾਨੂੰ "ਫਿਫਟੀ" ਦੇ ਰੂਪ ਵਿਚ ਵਿਖਾਈ ਦੇਵੇਗੀ। ਹੁਣ ਮੈਂ ਪਗੜੀ ਦਾ ਇੱਕ ਕੋਨਾ ਲੈ ਕੇ ਠੋਡੀ ਦੇ ਹੇਠਾਂ ਦਬਾ ਕੇ ਪਗੜੀ ਬੰਨ੍ਹਣੀ ਸ਼ੁਰੂ ਕਰਦਾ ਹਾਂ। ਤੁਸੀਂ ਵੇਖ ਰਹੇ ਹੋ, ਮੈਂ ਇਸ ਵਿਚ ਕਿਤੇ ਕੋਈ ਤਹਿ ਆਦਿ ਨਹੀਂ ਲਾਈ, ਨਾ ਹੀ ਕੋਈ ਗੰਢ ਦੇ ਕੇ ਲੜ ਛੋਟੇ ਜਾਂ ਵੱਡੇ ਹੋਣ ਦਾ ਡਰ ਪੈਦਾ ਕੀਤਾ ਹੈ। ਮੈਂ ਪਗੜੀ ਦੀ ਲੰਬਾਈ ਲੋੜ ਤੋਂ ਇੱਕ ਫੁੱਟ ਵੱਧ ਰੱਖੀ ਹੈ। ਇਸ ਨਾਲ ਪਗੜੀ ਦਾ ਆਖਰੀ ਸਿਰਾ ਕਦੇ ਵੀ ਘੱਟ ਜਾਂ ਛੋਟਾ ਨਹੀਂ ਹੋ ਸਕਦਾ। ਰਹੀ ਗੱਲ ਪਗੜੀ ਦੇ ਵੱਧ ਜਾਣ ਦੀ ਤਾਂ ਉਸ ਦਾ ਆਖਰੀ ਬਚਿਆ ਹੋਇਆ ਸਿਰਾ ਪਗੜੀ ਦੇ ਅੰਦਰ ਹੀ ਦਬਾ ਦਿੱਤਾ ਜਾਵੇਗਾ। ਮੈਂ ਤੁਹਾਡੇ ਸਾਹਮਣੇ ਬਿਨ੍ਹਾਂ ਰੁਕੇ ਪਗੜੀ ਬੰਨ੍ਹਦਾ ਹੀ ਜਾ ਰਿਹਾ ਹਾਂ ਕਿਉਂਕਿ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਕਿਸੇ ਵੀ ਲੜ ਨੂੰ ਸਜਾਉਣ ਦੀ ਲੋੜ ਨਹੀਂ, ਅੰਤ ਵਿਚ ਜਦੋਂ ਪਗੜੀ ਸੰਪੂਰਨ

ਹੋਵੇਗੀ ਤਾਂ ਅੰਤਿਮ ਛੋਹ (Fine touch) ਦੇ ਦਿੱਤੀ ਜਾਵੇਗੀ। ਲਓ, ਹੁਣ ਪਗੜੀ ਨੂੰ ਅੰਤਿਮ ਸਰੂਪ ਦੇ ਦਿੱਤਾ ਗਿਆ ਹੈ। ਹੁਣ ਮੈਂ ਇਸ ਵਿਚ ਲੋੜ ਅਨੁਸਾਰ ਪਿੰਨਾਂ ਲਾ ਰਿਹਾ ਹਾਂ ਅਤੇ ਪਗੜੀ ਨੂੰ ਥੋੜਾ ਜਿਹਾ ਸਿਰ ਉਤੇ ਹੀ ਘੁਮਾ ਕੇ ਲੋੜ ਅਨੁਸਾਰ ਕੇਂਦਰ ਵਿਚ ਲਿਆ ਰਿਹਾ ਹਾਂ। ਵੇਖੋ, ਸਿਰਫ ਪੰਜ ਮਿੰਟ ਹੀ ਹੋਏ ਹਨ, ਜੋ ਕਿ ਬਹੁਤ ਹੀ ਉਚਿਤ ਸਮਾਂ ਹੈ। ਤੁਹਾਨੂੰ ਸਾਰਿਆਂ ਨੂੰ ਕਈ ਪ੍ਰਕਾਰ ਦੀ ਪੱਗ ਬੰਨ੍ਹਣੀ ਸਿੱਖਣੀ ਚਾਹੀਦੀ ਹੈ ਤਾਂ ਕਿ ਲੋੜ ਪੈਣ ਤੇ ਜ਼ਰੂਰਤ ਅਨੁਸਾਰ ਇਸ ਦੀ ਵਰਤੋਂ ਕੀਤੀ ਜਾ ਸਕੇ।

ਹੁਣ ਮੈਂ ਉਨ੍ਹਾਂ ਨੌਜੁਆਨਾਂ ਨੂੰ ਪ੍ਰਸ਼ਨ ਕਰਾਂਗਾ, ਜਿਹੜੇ ਪੱਗ ਦੀ ਥਾਂ ਛੋਟੀ ਜਿਹੀ ਪੱਟੀ ਜੂੜੇ ਤੇ ਬੰਨ੍ਹ ਕੇ ਪੱਗ ਬੰਨ੍ਹਣ ਦਾ ਢੌਂਗ ਰਚ ਕੇ ਮਨ ਵਿੱਚ ਇਹ ਭਰਮ ਪਾਲੀ ਬੈਠੇ ਹਨ ਕਿ ਉਨ੍ਹਾਂ ਨੂੰ ਸਿੱਖ ਸਮਾਜ ਸਵੀਕਾਰ ਕਰ ਰਿਹਾ ਹੈ। ਮੇਰੇ ਸਾਹਮਣੇ ਬੈਠੇ ਹੋਏ ਨੌਜੁਆਨੋ, ਤੁਸੀਂ ਖੁਦ ਹੀ ਦੱਸੋ ਕਿ ਤੁਸੀਂ ਪੱਗ ਕਿਉਂ ਨਹੀਂ ਬੰਨ੍ਹੀ?

ਨੌਜੁਆਨ : ਕੇਸ਼ਕੀ ਅਥਵਾ ਪਟਕਾ ਵੀ ਸਿਰ ਢਕਣ ਦਾ ਸਾਧਨ ਹੈ। ਮੈਨੂੰ ਪੱਗ ਬੰਨ੍ਹਣ ਵਿਚ ਬਹੁਤ ਜ਼ਿਆਦਾ ਸਮਾਂ ਲੱਗਦਾ ਹੈ। ਇਸ ਲਈ ਮੈਂ ਜਲਦੀ ਤਿਆਰ ਹੋਣ ਲਈ ਇਹ ਸਰਲ ਵਿਧੀ ਅਪਣਾ ਲੈਂਦਾ ਹਾਂ।

ਪ੍ਰਚਾਰਕ: ਬੇਟਾ ਜੀ, ਜੇ ਪੂਰੇ ਸਿੱਖ ਜਗਤ ਦੇ ਨੌਜੁਆਨ ਤੇਰੇ ਵਾਂਗ ਜੂੜੇ ਤੇ ਪੱਟੀ ਬੰਨ੍ਹ ਕੇ ਪੱਗ ਦੇ ਹੋਣ ਦਾ ਭਰਮ ਪਾਲ ਲੈਣਗੇ ਤਾਂ ਆਉਣ ਵਾਲੇ ਸਮੇਂ ਵਿਚ ਤਾਂ ਸਾਨੂੰ ਪਗੜੀ ਵਾਲੇ ਸਿੱਖ ਵਿਖਾਈ ਹੀ ਨਹੀਂ ਦੇਣਗੇ। ਰਹੀ ਗੱਲ ਦੇਰ ਹੋ ਜਾਣ ਦੀ ਤਾਂ ਜਿਹੜਾ ਵਿਅਕਤੀ ਅਭਿਆਸ ਕਰੇਗਾ, ਸੁਭਾਵਿਕ ਹੈ ਉਹੀ ਵਿਅਕਤੀ ਉਸ ਕੰਮ ਵਿਚ ਨਿਪੁੰਨ ਹੋ ਜਾਵੇਗਾ। ਹਰ ਕੰਮ ਦੀ ਸਫਲਤਾ ਦੇ ਪਿੱਛੇ ਉਸ ਵਿਅਕਤੀ ਦੀ ਲਗਨ ਅਤੇ ਸਖਤ ਮਿਹਨਤ ਸਪਸ਼ਟ ਦਿਖਾਈ ਦੇਂਦੀ ਹੈ। ਤੁਸੀਂ ਕਰਦੇ ਕੁਝ ਵੀ ਨਹੀਂ ਸਿਰਫ ਆਲਸ ਵਿਚ ਜੀਵਨ ਜਿਊਣਾ ਚਾਹੁੰਦੇ ਹੋ ਅਤੇ ਪ੍ਰਾਪਤੀਆਂ ਦੀ ਆਸ਼ਾ ਵੀ ਰੱਖਦੇ ਹੋ। ਇਸ ਲਈ ਤੁਹਾਡੀ ਸਖਸ਼ੀਅਤ ਉੱਤੇ ਇਸ ਆਲਸ ਦਾ ਗਹਿਰਾ ਧੱਬਾ

ਲੱਗ ਰਿਹਾ ਹੈ, ਜਦਕਿ ਤੁਸੀਂ ਇੱਕ ਬਾਂਕੇ, ਛੈਲ ਛਬੀਲੇ ਨੌਜੁਆਨ ਹੋ। ਜੇ ਸ਼ੱਕ ਹੈ ਤਾਂ ਆਪਣੀ ਪੱਗ ਵਾਲੀ ਫੋਟੋ ਅਤੇ ਪੱਟੀ ਬੰਨ੍ਹੀ ਵਾਲੀ ਫੋਟੋ ਦੀ ਤੁਲਨਾ ਤੁਸੀਂ ਖੁਦ ਹੀ ਕਰ ਲਓ।

ਮੈਂ ਇੱਥੇ ਸਾਰੇ ਨੌਜੁਆਨਾਂ ਨੂੰ ਸੰਬੋਧਨ ਕਰਕੇ ਕਹਿ ਰਿਹਾ ਹਾਂ ਕਿ ਤੁਹਾਡੇ ਵਿਚੋਂ ਕਿਸੇ ਨੇ ਵੀ ਸੰਨਿਆਸ ਨਹੀਂ ਲਿਆ ਹੋਇਆ। ਤੁਸੀਂ ਸਾਰੇ ਸੱਭਿਅਕ ਸਮਾਜ ਦੇ ਅੰਗ ਹੋ, ਆਗਾਮੀ ਜੀਵਨ ਲਈ ਤੁਹਾਨੂੰ ਆਪਣੇ ਆਪ ਨੂੰ ਪ੍ਰਭਾਵਸ਼ਾਲੀ ਸਖਸ਼ੀਅਤ ਵਾਲੇ ਬਣਨਾ ਚਾਹੀਦਾ ਹੈ ਤਾਂਕਿ ਤੁਹਾਨੂੰ ਵੇਖ ਕੇ ਦੂਜੇ ਧਰਮਾਂ ਵਾਲੇ ਸੁਭਾਵਕ ਹੀ ਕਹਿਣ ਕਿ ਸਿੱਖ ਨੌਜੁਆਨਾਂ ਦੀ ਸਖਸ਼ੀਅਤ ਤਾਂ ਦੇਖਣਯੋਗ, ਬਹੁਤ ਹੀ ਪ੍ਰਭਾਵਸ਼ਾਲੀ ਹੈ, ਪਰ ਇਥੇ ਤਾਂ ਉਲਟ ਹੀ ਵਾਪਰ ਰਿਹਾ ਹੈ। ਮੈਨੂੰ ਕੁਝ ਕਿੱਸੇ ਅਜਿਹੇ ਸੁਣਨ ਨੂੰ ਮਿਲੇ ਹਨ ਕਿ ਸਿੱਖ ਲੜਕੀਆਂ ਨੇ ਸਿੱਖ ਨੌਜੁਆਨਾਂ ਨੂੰ ਨਕਾਰ ਦਿੱਤਾ ਅਤੇ ਕਿਹਾ, ਇਨ੍ਹਾਂ ਦਾ ਵਿਅਕਤੀਤਵ (ਦਿੱਖ) ਅੱਛੀ ਨਹੀਂ ਅਤੇ ਰਿਸ਼ਤਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਅਸਲ ਵਿੱਚ ਗੱਲ ਸੱਚੀ ਸੀ ਕਿਉਂਕਿ ਸਿੱਖ ਯੁਵਕ ਗੁਮਰਾਹ ਹੋ ਗਏ ਹਨ। ਉਹ ਆਪਣੇ ਆਪ ਤੇ ਧਿਆਨ ਹੀ ਨਹੀਂ ਦਿੰਦੇ। ਪੱਗ ਤਾਂ ਬੰਨ੍ਹਦੇ ਹੀ ਨਹੀਂ, ਸਿਰਫ ਪਟਕਾ ਬੰਨ੍ਹ ਕੇ ਹੀ ਸਮਾਂ ਬਿਤਾ ਲੈਂਦੇ ਹਨ। ਜਦਕਿ ਉਹ ਪੂਰਨ ਜੋਬਨ ਤੇ ਹਨ ਉਨ੍ਹਾਂ ਦੇ ਚਿਹਰੇ ਤੇ ਪੂਰਨ ਰੂਪ ਨਾਲ ਦਾੜ੍ਹੀ-ਮੁੱਛਾਂ ਆ ਚੁੱਕੀਆਂ ਹਨ। ਜੇ ਉਹ ਚਾਹੁਣ ਤਾਂ ਆਪਣੀ ਸਖਸ਼ੀਅਤ ਦੇ ਵਿਕਾਸ ਲਈ ਦਾੜ੍ਹੀ ਨੂੰ ਕਈ ਵੱਖਰੇ-ਵੱਖਰੇ ਤਰੀਕਿਆਂ ਨਾਲ ਬੰਨ੍ਹ (ਸੰਤੋਖ) ਸਕਦੇ ਹਨ। ਇਸ ਦੇ ਲਈ ਅੱਜ ਕਲ ਫਿਕਸੋ, ਜੈਲੀ, ਡੋਰੀ ਅਤੇ ਜਾਲੀ ਆਦਿ ਹਰ ਥਾਂ ਤੇ ਉਪਲਬਧ ਹੈ। ਜੇ ਦਾੜ੍ਹੀ ਖੁੱਲ੍ਹੀ ਰੱਖਣਾ (ਪ੍ਰਕਾਸ਼ ਕਰਨਾ) ਚਾਹੋ ਤਾਂ ਸੁਗੰਧਿਤ ਤੇਲ ਆਦਿ ਵਰਤੇ ਜਾ ਸਕਦੇ ਹਨ। ਪਰ ਵਧੇਰੇ ਸਿੱਖ ਯੁਵਕ ਦਾੜ੍ਹੀ ਦਾ ਗੁਰੂਹੁਕਮਾਂ ਦੇ ਉਲਟ ਅਪਮਾਨ ਕਰਦੇ ਵੇਖੇ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੀ ਦਿੱਖ ਇੱਕ ਮੁੰਨੀ ਹੋਈ ਭੇਡ ਦੇ ਰੂਪ ਵਿਚ ਭੱਦੀ ਵਿਖਾਈ ਦੇਂਦੀ ਹੈ। ਰਹੀ ਗੱਲ ਪਗੜੀ ਦੀ ਤਾਂ ਕੁਝ ਯੁਵਕ ਸਿਰਫ਼ ਦਿਖਾਵੇ ਦੇ ਲਈ ਇੱਕ ਛੋਟੀ ਜਿਹੀ ਗੋਲ 'ਕੇਸ਼ਕੀ' ਰੂਪ ਵਿਚ ਪਟਕਾ ਬੰਨ੍ਹ ਲੈਂਦੇ ਹਨ ਜੋ ਕਿ ਅੰਮ੍ਰਿਤਧਾਰੀ ਸਿੱਖ ਇਸਤਰੀਆਂ ਦੇ ਕੇਸ਼ ਬੰਨ੍ਹਣ ਦੇ ਲਈ ਵਰਤੋਂ ਵਿਚ ਲਿਆਈ ਜਾਂਦੀ ਹੈ। ਕਿਉਂਕਿ ਉਨ੍ਹਾਂ ਨੇ ਸਿਰ ਉਤੇ ਉਸ ਕੇਸ਼ਕੀ ਦੇ ਉਪਰ ਦੁਪੱਟਾ ਅਰਥਾਤ

ਚੁੰਨੀ ਧਾਰਨ ਕਰਨੀ ਹੁੰਦੀ ਹੈ। ਨੌਜੁਆਨਾਂ ਦਾ ਸਰੀਰ ਰਿਸ਼ਟ-ਪੁਸ਼ਟ ਹੋਣ ਕਰਕੇ ਭਾਰੀ ਡੀਲ-ਡੌਲ ਵਾਲਾ ਹੁੰਦਾ ਹੈ। ਇਸ ਲਈ ਇਹ ਛੋਟੀ ਜਿਹੀ ਕੇਸ਼ਕੀ ਨੁਮਾ ਪਗੜੀ ਉਨ੍ਹਾਂ ਦੀ ਸੁੰਦਰਤਾ ਨੂੰ ਵਿਗਾੜਦੀ ਹੈ। ਪੁੱਛਣ ਤੇ ਉਨ੍ਹਾਂ ਦਾ ਜੁਆਬ ਹੁੰਦਾ ਹੈ ਕਿ ਇਹ ਵੀ ਪਗੜੀ ਹੀ ਹੈ। ਉਹ ਆਪਣੇ ਰਚੇ ਹੋਏ ਢੌਂਗ ਨੂੰ ਉਚਿਤ ਠਹਿਰਾਉਣ ਦੀ ਅਸਫ਼ਲ ਕੋਸ਼ਿਸ਼ ਕਰਦੇ ਵਿਖਾਈ ਦੇਂਦੇ ਹਨ। ਜਦ ਕਿ ਉਹ ਇਸ ਸੱਚ ਨੂੰ ਜਾਣਦੇ ਹਨ ਕਿ ਉਨ੍ਹਾਂ ਨੇ ਜਿਹੜੀ ਕੇਸ਼ਕੀ ਅਥਵਾ ਛੋਟੀ ਦਸਤਾਰ ਬੰਨ੍ਹੀ ਹੋਈ ਹੈ ਉਸ ਨੂੰ ਪਗੜੀ ਬਿਲਕੁਲ ਹੀ ਨਹੀਂ ਕਿਹਾ ਜਾ ਸਕਦਾ। ਉਹ ਤਾਂ ਸਿਰਫ਼ ਘਰ ਦੇ ਵਿਚ ਰਹਿਣ ਵੇਲੇ ਬੰਨ੍ਹਣ ਦਾ ਹੁਕਮ ਹੈ। ਕਿਉਂਕਿ ਸਿੱਖ ਨੇ ਕਦੇ ਵੀ ਨੰਗੇ ਸਿਰ ਨਹੀਂ ਰਹਿਣਾ। ਜਦੋਂ ਕੋਈ ਸਿੱਖ ਕਿਸੇ ਵੀ ਕੰਮ ਲਈ ਘਰ ਤੋਂ ਬਾਹਰ ਜਾਂਦਾ ਹੈ ਤਾਂ ਉਸ ਨੂੰ ਕੇਸ਼ਕੀ ਦੇ ਉਪਰ ਪੂਰੀ ਲੰਬਾਈ ਦੀ ਪਗੜੀ ਬੰਨ੍ਹਣੀ ਜ਼ਰੂਰੀ ਹੈ। ਅਰਥਾਤ ਛੋਟੀ ਦਸਤਾਰ ਦੇ ਉਪਰ ਇਕ ਹੋਰ ਪਗੜੀ ਭਾਵ ਦੂਹਰੀ ਦਸਤਾਰ ਬੰਨ੍ਹਣੀ ਚਾਹੀਦੀ ਹੈ। ਜਿਵੇਂ ਕਿ ਤੁਸੀਂ ਮੈਨੂੰ ਵੇਖ ਸਕਦੇ ਹੋ। ਮੈਂ ਦੂਹਰੀ ਪਗੜੀ ਬੰਨ੍ਹੀ ਹੋਈ ਹੈ।

ਜਿਹੜੇ ਨੌਜੁਆਨ ਕੇਵਲ ਛੋਟੀ ਕੇਸ਼ਕੀ ਅਥਵਾ ਛੋਟੀ ਗੋਲ ਪਗੜੀ ਬੰਨ੍ਹ ਕੇ ਘਰ ਤੋਂ ਬਾਹਰ ਆਪਣੇ ਕੰਮਾਂ ਤੇ ਚਲੇ ਜਾਂਦੇ ਹਨ, ਉਹ ਆਪਣੀ ਸ਼ਾਨ-ਸ਼ੌਕਤ ਗੁਆ ਲੈਂਦੇ ਹਨ, ਕਿਉਂਕਿ ਜਨਤਕ ਸਥਾਨ ਤੇ ਬਿਨ੍ਹਾਂ ਪਗੜੀ ਤੋਂ ਨੌਜੁਆਨ ਬਹੁਤ ਹੀ ਭੱਦਾ ਦ੍ਰਿਸ਼ਟੀ-ਗੋਚਰ ਹੁੰਦਾ ਹੈ। ਬਿਲਕੁਲ ਉਵੇਂ ਹੀ ਜਿਵੇਂ ਕੋਈ ਸੈਨਿਕ ਅਧੂਰੀ ਪੋਸ਼ਾਕ ਵਿਚ ਡਿਊਟੀ ਤੇ ਤੈਨਾਤ ਹੋਵੇ। ਪਤਾ ਨਹੀਂ ਕਿਉਂ, ਸਿੱਖ ਯੁਵਕਾਂ ਦਾ ਇਨ੍ਹਾਂ ਛੋਟੀਆਂ ਛੋਟੀਆਂ ਗੱਲਾਂ ਤੇ ਧਿਆਨ ਨਹੀਂ ਜਾਂਦਾ ਕਿ ਉਨ੍ਹਾਂ ਨੂੰ ਦੂਜੇ ਮੱਤਾਂ ਦੇ ਲੋਕ ਵੀ ਵੇਖ ਰਹੇ ਹਨ। ਅੰਤ ਸਾਨੂੰ ਉਨ੍ਹਾਂ ਦੇ ਸਾਹਮਣੇ ਸੁੰਦਰ ਅਤੇ ਖਿੱਚ ਭਰਪੂਰ ਦਿਖਾਈ ਦੇਣਾ ਚਾਹੀਦਾ ਹੈ, ਜਿਸ ਨਾਲ ਉਹ ਪ੍ਰਭਾਵਿਤ ਹੋ ਕੇ ਕਹਿ ਉੱਠਣ ਕਿ ਸੁੰਦਰਤਾ ਦੇ ਪ੍ਰਤੀਕ ਤਾਂ ਸਿੱਖ ਲੋਕ ਹਨ। ਪਰ ਇਥੇ ਤਾਂ ਗੱਲ ਇਸ ਦੇ ਉਲਟ ਹੈ। ਸਿੱਖ ਨੌਜੁਆਨਾਂ ਨੂੰ ਆਪਣੇ ਨਿਆਰੇਪਣ ਤੇ ਨਾ ਤਾਂ ਆਤਮ-ਗੌਰਵ ਹੈ ਨਾ ਹੀ ਸਵੈ-ਅਭਿਮਾਨ ਜਦਕਿ ਉਨ੍ਹਾਂ ਦਾ ਨਿਆਰਾਪਣ ਉਨ੍ਹਾਂ ਨੂੰ ਮਾਨਵ ਸਮਾਜ ਵਿਚ ਸਰਵ-ਸ੍ਰੇਸ਼ਟ ਸਥਾਨ ਦਿਵਾਉਂਦਾ ਹੈ। ਇਸੇ ਕਰਕੇ

ਹੀ ਤਾਂ ਦੂਜੇ ਸਾਰੇ ਧਰਮਾਂ ਦੇ ਲੋਕ ਸਿੱਖਾਂ ਨੂੰ 'ਸਰਦਾਰ ਜੀ' ਕਹਿ ਕੇ ਬੁਲਾਉਂਦੇ ਹਨ, ਜਿਸ ਦਾ ਸਿੱਧਾ ਤੇ ਸਪਸ਼ਟ ਅਰਥ ਹੈ ਕਿ ਤੁਸੀਂ ਮਾਨਵ ਸਮਾਜ ਦੇ ਮੁਖੀ ਹੋ। ਇਹ ਗੱਲ ਅਮਲੀ ਰੂਪ ਵਿਚ ਤਦ ਹੀ ਸੱਚੀ ਸਿੱਧ ਹੋਵੇਗੀ ਜਦੋਂ ਸਿੱਖ ਯੁਵਾ ਪੀੜ੍ਹੀ ਆਪਣੀ ਸੁੰਦਰਤਾ ਦੇ ਪ੍ਰਤੀ ਜਾਗਰਿਤ ਹੋਵੇਗੀ। ਘਰ ਤੋਂ ਬਾਹਰ ਨਿਕਲਣ ਵੇਲੇ ਸ਼ੀਸ਼ਾ ਜ਼ਰੂਰ ਵੇਖੋ। ਜਿਵੇਂ ਨੌਜੁਆਨ ਲੜਕੀਆਂ ਆਪਣੀ ਸੁੰਦਰਤਾ ਦੇ ਪ੍ਰਤੀ ਜਾਗਰਿਤ ਰਹਿੰਦੀਆਂ ਹਨ, ਉਹ ਆਪਣੇ ਚਿਹਰੇ ਤੇ ਕੇਸ਼ਾਂ ਨੂੰ ਸ਼ਿੰਗਾਰਨ ਲਈ ਕਈ ਪ੍ਰਕਾਰ ਦੇ ਸ਼ਿੰਗਾਰ ਸਾਧਨਾਂ (cosmetic) ਦੀ ਵਰਤੋਂ ਕਰਦੀਆਂ ਹਨ ਅਰਥਾਤ ਉਨ੍ਹਾਂ ਦਾ ਇੱਕ ਵਿਸ਼ੇਸ਼ ਬਜਟ ਇਸ ਕੰਮ ਦੇ ਲਈ ਨਿਸ਼ਚਿਤ ਰਹਿੰਦਾ ਹੈ। ਠੀਕ ਇਸੇ ਤਰ੍ਹਾਂ ਸਿੱਖ ਯੁਵਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਖਿੱਚ-ਭਰਪੂਰ (ਆਕਰਸ਼ਿਤ) ਬਣਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਰਹਿਣ।

ਸਿੱਖ ਯੁਵਕਾਂ ਦੀ ਸੁੰਦਰਤਾ ਦਾ ਰਾਜ ਉਨ੍ਹਾਂ ਦੀ ਪਗੜੀ ਅਤੇ ਦਾੜ੍ਹੀ ਨੂੰ ਸ਼ਿੰਗਾਰਨ ਵਿਚ ਛੁਪਿਆ ਹੋਇਆ ਹੈ। ਖਾਸ ਕਰਕੇ ਮੁੱਛਾਂ ਉਨ੍ਹਾਂ ਦੀ ਮਰਦਾਨਗੀ ਦੀਆਂ ਪ੍ਰਤੀਕ ਹੁੰਦੀਆਂ ਹਨ। ਜੇ ਮੁੱਛਾਂ ਨੂੰ ਸ਼ਿੰਗਾਰਿਆ ਜਾਵੇ ਤਾਂ ਉਹ ਵੀਰਤਾ ਦਾ ਪ੍ਰਤੀਕ ਬਣ ਜਾਂਦੀਆਂ ਹਨ। ਜਿਹੜੇ ਨੌਜੁਆਨ ਆਪਣੀਆਂ ਮੁੱਛਾਂ ਫਿਕਸੋ ਆਦਿ ਨਾਲ ਤਾਅ ਦੇ ਕੇ ਸ਼ਿੰਗਾਰਦੇ ਹਨ, ਉਨ੍ਹਾਂ ਦੀਆਂ ਮੁੱਛਾਂ ਉਨ੍ਹਾਂ ਦੇ ਚਿਹਰੇ ਦੇ ਜਲਾਲ ਵਿਚ ਵਾਧਾ ਕਰਦੀਆਂ ਹਨ। ਜਿਸ ਤੋਂ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਦੀਆਂ ਮੁੱਛਾਂ ਵਿਰੋਧੀ ਨੂੰ 'ਚੁੱਪ ਕਰ, ਚੁੱਪ ਕਰ' (shutup-shutup) ਕਹਿ ਰਹੀਆਂ ਹਨ ਇਸ ਦੇ ਉਲਟ ਜਿਹੜੇ ਸਿੱਖ ਯੁਵਕ ਮੁੱਛਾਂ ਨੂੰ ਤਾਅ ਨਾ ਦੇ ਕੇ ਉਨ੍ਹਾਂ ਦਾ ਅਪਮਾਨ ਕਰ ਦੇਂਦੇ ਹਨ, ਉਨ੍ਹਾਂ ਦਾ ਚਿਹਰਾ ਅਜਿਹਾ ਦਿਖਾਈ ਦੇਂਦਾ ਹੈ ਜਿਵੇਂ ਉਹ ਆਪਣੇ ਵਿਰੋਧੀ ਨੂੰ ਕਹਿ ਰਹੇ ਹੋਣ ਕਿ ਕ੍ਰਿਪਾ ਕਰਕੇ (please-please) ਮੈਨੂੰ ਮੁਆਫ਼ ਕਰ ਦੇਵੋ ਆਦਿ। ਕਈ ਨੌਜੁਆਨਾਂ ਦੀਆਂ ਮੁੱਛਾਂ ਉਨ੍ਹਾਂ ਦੇ ਮੂੰਹ (ਬੁੱਲ੍ਹਾਂ) ਦੇ ਉਪਰ ਆ ਕੇ ਉਨ੍ਹਾਂ ਦੇ ਚਿਹਰੇ ਨੂੰ ਬਦਸੂਰਤ ਬਣਾ ਰਹੀਆਂ ਹੁੰਦੀਆਂ ਹਨ। ਜਦਕਿ ਉਹ ਸਿੱਖਿਅਤ ਹੋ ਕੇ ਉਨ੍ਹਾਂ ਨੂੰ ਸ਼ਿੰਗਾਰ ਕੇ ਲੋਹ-ਪੁਰਸ਼ ਦੇ ਰੂਪ ਵਿਚ ਦਿਖਾਈ ਦੇ ਸਕਦੇ ਹਨ। ਕੁਝ ਸਿੱਖ ਨੌਜੁਆਨ ਇਸ ਵਿਸ਼ੇ ਪ੍ਰਤੀ ਜਾਗ੍ਰਿਤ ਹਨ। ਉਨ੍ਹਾਂ ਨੇ

ਆਪਣੀਆਂ ਮੁੱਛਾਂ ਨੂੰ ਗੋਲ ਕੁੰਡਲੀ ਵਾਲੀਆਂ ਅਥਵਾ ਫਿਕਸੋ ਨਾਲ ਤਾਅ ਦੇ ਕੇ ਇਕ ਵਿਸ਼ੇਸ਼ ਕੋਣ ਭਾਵ 60° ਤੇ ਖੜ੍ਹੀਆਂ ਕਰ ਰੱਖੀਆਂ ਹੁੰਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਉਹ ਸੰਤ-ਸਿਪਾਹੀ ਦ੍ਰਿਸ਼ਟੀਗੋਚਰ ਹੁੰਦੇ ਹਨ।

ਮੈਂ ਤੁਹਾਡੇ ਸਾਹਮਣੇ ਕੁਦਰਤ ਦੇ ਕੁਝ ਪ੍ਰਵਾਣਿਤ ਸੱਚੇ ਸਿਧਾਂਤਾਂ ਤੇ ਚਾਨਣਾ ਪਾਉਣਾ ਜ਼ਰੂਰੀ ਸਮਝਦਾ ਹਾਂ। ਕੁਦਰਤ ਨੇ ਪ੍ਰਭੂ ਦੀ ਆਗਿਆ ਅਨੁਸਾਰ ਮਨੁੱਖ ਨੂੰ ਦਾੜ੍ਹੀ-ਮੁੱਛਾਂ ਅਤੇ ਲੰਬੇ ਕੇਸ਼ (ਬਖਸ਼ੇ) ਪ੍ਰਦਾਨ ਕੀਤੇ ਹਨ। ਅਸਲ ਵਿਚ ਪ੍ਰਭੂ ਨੇ ਮਾਨਵ ਨੂੰ ਆਪਣਾ ਸਰੂਪ ਬਖਸ਼ਿਆ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਕੁਦਰਤ ਦਾ ਅਨੁਸਰਣ ਕਰੀਏ ਅਰਥਾਤ ਕੇਸ਼, ਦਾੜ੍ਹੀ, ਮੁੱਛਾਂ ਅਤੇ ਸਰੀਰ ਦੇ ਬਾਕੀ ਸਾਰੇ ਰੋਮ (ਵਾਲ) ਜਿਵੇਂ ਮਿਲੇ ਹਨ, ਉਵੇਂ ਹੀ ਰੱਖੀਏ। ਇਹੀ ਪ੍ਰਭੂ ਦੀ ਇੱਛਾ ਹੈ ਉਸ ਦੀ ਸਹਿਮਤੀ ਵਿਚ ਹੀ ਸਾਡੀ ਭਲਾਈ ਹੈ, ਇਸ ਤਰ੍ਹਾਂ ਅਸੀਂ ਉਸ ਪਰਮ ਪਿਤਾ ਪਰਮੇਸ਼ਵਰ ਦੇ ਆਗਿਆਕਾਰੀ ਪੁੱਤਰ ਬਣ ਸਕਦੇ ਹਾਂ।

**ਯੁਵਕ:** ਗਿਆਨੀ ਜੀ ! ਤੁਸਾਂ ਦਾ ਕਹਿਣਾ ਹੈ ਕਿ ਰੱਬ ਨੇ ਮਨੁੱਖ ਨੂੰ ਆਪਣਾ ਸਵਰੂਪ ਦਿੱਤਾ ਹੈ ਜਦਕਿ ਸਿਧਾਂਤਿਕ ਰੂਪ ਵਿਚ ਤਾਂ ਰੱਬ ਨਿਰਾਕਾਰ ਹੈ, ਉਸ ਦਾ ਕੋਈ ਸ਼ਰੀਰ ਨਹੀਂ?

**ਪ੍ਰਚਾਰਕ :** ਕ੍ਰਾਂਤੀਕਾਰੀ ਜਗਤ ਗੁਰੂਨਾਨਕ ਦੇਵ ਜੀ ਨੇ ਮਨੁੱਖੀ ਸਮਾਜ ਦਾ ਮਾਰਗ ਦਰਸ਼ਨ ਕਰਦੇ ਹੋਏ ਕਿਹਾ-'ਪ੍ਰਭੂ' ਪਰਮ ਪਿਤਾ ਪਰਮੇਸ਼ਵਰ, ਨਿਰਾਕਾਰ ਹੈ। ਉਸ ਦਾ ਕੋਈ ਖਾਸ ਸਵਰੂਪ ਨਹੀਂ। ਕਿਉਂਕਿ ਉਹ ਨਿਰਗੁਣ ਰੂਪ ਹੈ। ਇਸ ਲਈ ਉਹ ਇਕ ਸ਼ਕਤੀ ਹੈ ਵਿਅਕਤੀ ਨਹੀਂ, ਪ੍ਰੰਤੂ, ਜਦੋਂ ਆਪਣੀ ਸ੍ਰਿਸ਼ਟੀ ਦਾ ਸ੍ਰਵੋਤਮ ਜੀਵ (ਮਨੁੱਖ) ਬਣਾਇਆ ਤਾਂ ਉਸ ਨੂੰ ਇਕ ਵਿਸ਼ੇਸ਼ ਸਵਰੂਪ ਦਿੱਤਾ, ਜਿਸ ਵਿਚ ਉਹ ਖੁਦ ਵੀ ਸਰਗੁਣ ਸਵਰੂਪ ਹੋ ਪ੍ਰਕਾਸ਼ਮਾਨ ਹੋ ਸਕੇ। ਭਾਵੇਂ ਸਮਸਤ ਜੀਵਾਂ ਵਿਚ ਉਸਦਾ ਅੰਸ਼ ਵਿਧਮਾਨ ਹੈ ਤਾਂ ਵੀ ਉਹ ਸਮੇਂ-ਸਮੇਂ ਮਾਨਵ ਕਲਿਆਣ ਲਈ ਪ੍ਰਾਕਰਮੀ ਪੁਰਖਾਂ ਜਾਂ ਭਗਤਾਂ ਦੇ ਰੂਪ ਵਿਚ ਪ੍ਰਕਾਸ਼ਮਾਨ ਹੁੰਦਾ ਹੀ ਰਿਹਾ ਹੈ। ਸ਼ਾਇਦ ਇਸ ਲਈ ਹੀ ਉਸ ਮਹਾਸ਼ਕਤੀ ਨੂੰ ਮਹਾਂਪੁਰਖਾਂ ਨੇ ਜਦੋਂ ਅਨੁਭਵ ਕੀਤਾ ਤਾਂ ਉਸ ਨੂੰ ਕੇਸ਼ਰੋ ਜਾਂ ਕੇਸ਼ਵਾ ਕਹਿ ਕੇ

ਪੁਕਾਰਿਆ। ਜਿਸ ਦਾ ਅਰਥ ਹੈ .......ਹੇ ! ਸੁੰਦਰ ਅਤੇ ਲੰਬੇ ਕੇਸ਼ਾਂ (ਵਾਲੀ ਮਹਾਂਸ਼ਕਤੀ) ਵਾਲੇ ਪ੍ਰਭੂ

ਨਾਮ ਤੇਰਾ ਕੇਸਰੋ ਲੇ ਛਿਟਕਾਰੇ॥

ਯਥਾ

ਸੁਪ੍ਰਸਨ ਭਏ ਕੇਸਵਾ ਸੇ ਜਨ ਹਰਿ ਗੁਣ ਗਾਹਿ॥

ਯਥਾ

ਪਾਰਿ ਉਤਾਰੇ ਕੇਸਵਾ

ਜਿਵੇਂ ਕਿ ਤੁਸੀਂ ਜਾਣਦੇ ਹੋ ਗੁਰੂਹੁਕਮ ਹੈ ਕੇਸ਼ਾਂ (ਰੋਮਾਂ) ਨੂੰ ਜਿਉਂ ਦਾ ਤਿਉਂ ਹੀ ਰੱਖਣਾ ਹੈ। ਇਨ੍ਹਾਂ ਵਿਚ ਕੋਈ ਫੇਰ-ਬਦਲ (ਤਬਦੀਲੀ) ਨਹੀਂ ਕਰਨੀ, ਸਿਰਫ਼ ਉਨ੍ਹਾਂ ਨੂੰ ਸਾਫ਼ ਸੁਥਰੇ ਰੱਖਣ ਅਤੇ ਸਜਾਉਣ (maintenance) ਦਾ ਸਾਨੂੰ ਅਧਿਕਾਰ ਹੈ। ਇਹ ਤੁਹਾਨੂੰ ਕੁਦਰਤ ਵਲੋਂ ਦਿੱਤਾ ਗਿਆ ਅਸਲੀ ਸਰੂਪ ਸ਼ੇਰ (ਸਿੰਘ) ਦੀ ਤਰ੍ਹਾਂ ਹੈ। ਇਸ ਵਿਚ ਕੇਸ਼ ਸੁੰਦਰਤਾ ਦਾ ਪ੍ਰਤੀਕ ਹਨ। ਦਾੜ੍ਹੀ ਦੈਵੀ ਗੁਣਾਂ ਦੀ ਪ੍ਰਤੀਕ ਹੈ ਜਿਵੇਂ ਦਇਆ, ਧੀਰਜ, ਨਿਮਰਤਾ, ਸੱਚ ਅਤੇ ਮਧੁਰ ਬਾਣੀ ਆਦਿ। ਪੁਰਸ਼ ਨੂੰ ਕੁਦਰਤ ਨੇ ਦਾੜ੍ਹੀ ਤੇ ਮੁੱਛਾਂ ਨਾਲ ਸ਼ਿੰਗਾਰਿਆ ਹੈ। ਜਦਕਿ ਨਾਰੀ ਨੂੰ ਬਨਾਉਟੀ ਪ੍ਰਸਾਧਨਾਂ ਦੀ ਲੋੜ ਪੈਂਦੀ ਹੈ। ਕੁਦਰਤ ਦਾ ਇਹ ਸਿਧਾਂਤ ਹੈ। ਉਸ ਨੇ ਨਾਰੀ ਨੂੰ ਦਾੜ੍ਹੀ ਮੁੱਛਾਂ ਨਹੀਂ ਦਿੱਤੀਆਂ। ਠੀਕ ਉਸੇ ਤਰ੍ਹਾਂ ਜਦੋਂ ਤੱਕ ਨਰ ਬਾਲਕ ਜੁਆਨੀ ਤੱਕ ਨਹੀਂ ਅੱਪੜ ਜਾਂਦਾ, ਉਸ ਨੂੰ ਕੁਦਰਤ ਦੁਆਰਾ ਦਾੜ੍ਹੀ, ਮੁੱਛਾਂ ਨਹੀਂ ਦਿੱਤੀਆਂ ਜਾਂਦੀਆਂ। ਇਹੀ ਅਟੱਲ ਵਿਧਾਨ ਹੈ। ਇਸ ਪ੍ਰਕਿਰਿਆ ਵਿਚ ਸਾਡੀ ਸਹਿਮਤੀ ਸਾਨੂੰ ਖੁਸ਼ੀ ਬਖਸ਼ਦੀ ਹੈ।

ਸਾਹਿਬ ਸ੍ਰੀ ਗੁਰੂਗੋਬਿੰਦ ਸਿੰਘ ਦੇ ਸਮੇਂ ਵਿਚ ਵੀ ਕੁਝ ਨੌਜੁਆਨ ਸੰਪੂਰਨ ਪਗੜੀ ਬੰਨ੍ਹਣ ਵਿਚ ਆਲਸ ਕਰ ਜਾਂਦੇ ਸਨ। ਉਹ ਪਗੜੀ ਦੇ ਥਾਂ ਤੇ ਆਪਣੀ ਮਾਤਾ ਦੀ ਚੁੰਨੀ ਅਥਵਾ ਪਤਨੀ ਦਾ ਦੁਪੱਟਾ ਸਿਰ ਤੇ ਬੰਨ੍ਹ ਕੇ ਪਗੜੀ ਦੇ ਰੂਪ ਵਿਚ ਉਸਦਾ ਅਸਫ਼ਲ ਪ੍ਰਦਰਸ਼ਨ ਕਰਨ ਦਾ ਯਤਨ ਕਰਦੇ ਸਨ। ਜਦੋਂ ਗੁਰੂਜੀ ਦਾ ਧਿਆਨ ਇਸ ਤਰੁੱਟੀ ਵੱਲ ਗਿਆ ਤਾਂ ਉਨ੍ਹਾਂ ਨੇ ਤੁਰੰਤ ਉਨ੍ਹਾਂ

ਨੌਜੁਆਨਾਂ ਨੂੰ ਕਿਹਾ, ਭਰਮ ਨਾ ਪਾਲੋ, ਜਿਸ ਨੂੰ ਤੁਸੀਂ ਪਗੜੀ ਕਹਿੰਦੇ ਹੋ, ਉਹ ਪਗੜੀ ਨਹੀਂ, "ਪਰਨਾ" ਅਥਵਾ ਕੇਸ਼ਕੀ ਹੈ। ਇਸ ਲਈ ਹੁਣ ਤੁਹਾਨੂੰ ਇਸ ਕੇਸ਼ਕੀ ਦੇ ਉਪਰ ਸੰਪੂਰਨ ਪਗੜੀ ਬੰਨ੍ਹਣੀ ਜ਼ਰੂਰੀ ਹੈ। ਅਰਥਾਤ ਹੁਣ ਤੋਂ ਹਰੇਕ ਸਿੱਖ ਦੂਹਰੀ ਦਸਤਾਰ ਬੰਨ੍ਹੇਗਾ, ਜਿਹੜਾ ਇਸ ਤਰ੍ਹਾਂ ਕਰੇਗਾ, ਅਸੀਂ ਉਸ ਤੇ ਬਹੁਤ ਖੁਸ਼ ਹੋਵਾਂਗੇ। ਉਹ ਹਰ ਮੈਦਾਨ ਫਤਹਿ ਪ੍ਰਾਪਤ ਕਰੇਗਾ ਅਤੇ ਚੜ੍ਹਦੀ ਕਲਾ ਵਿਚ ਰਹੇਗਾ। ਉਨ੍ਹਾਂ ਨੇ ਫਿਰ ਕਿਹਾ, "ਜਿੰਨਾ ਵੱਡਾ ਸਰਦਾਰ, ਉਤਨੀ ਹੀ ਵੱਡੀ ਦਸਤਾਰ।"

ਇੱਕ ਗੋਲ ਪਗੜੀ ਬੰਨ੍ਹਣ ਵਾਲਾ ਨੌਜੁਆਨ ਉੱਠਿਆ ਅਤੇ ਉਸ ਨੇ ਪ੍ਰਸ਼ਨ ਕੀਤਾ, ਕੀ ਮੇਰੀ ਪਗੜੀ ਠੀਕ ਨਹੀਂ?

**ਪ੍ਰਚਾਰਕ:** ਤੁਸੀਂ ਤਾਂ ਦੂਹਰਾ ਕੰਮ ਕੀਤਾ ਹੋਇਆ ਹੈ। ਬਾਕੀ ਸਾਰੇ ਕੱਪੜੇ ਤਾਂ ਆਧੁਨਿਕ ਸ਼ੈਲੀ ਦੇ ਪਾਏ ਹੋਏ ਹਨ, ਜਿਵੇਂ ਪੈਂਟ, ਕਮੀਜ਼, ਬੂਟ ਆਦਿ ਪਰ ਸਿਰਫ਼ ਪਗੜੀ ਹੀ ਗੋਲ ਅਤੇ ਛੋਟੀ ਜਿਹੀ ਬੰਨ੍ਹੀ ਹੈ, ਜਿਹੜੀ ਕਿ ਇਸ ਪੋਸ਼ਾਕ ਨਾਲ ਬਿਲਕੁਲ ਨਹੀਂ ਜਚਦੀ। ਜੇ ਗੋਲ ਪਗੜੀ ਹੀ ਬੰਨ੍ਹਣੀ ਹੈ ਤਾਂ ਕੋਈ ਗੱਲ ਨਹੀਂ, ਬਾਕੀ ਸਾਰੇ ਬਸਤਰ (ਕੱਪੜੇ) ਵੀ ਉਸੇ ਸ਼ੈਲੀ ਦੇ ਪਾਓ ਜਿਵੇਂ ਕੁੜਤਾ, ਪਜਾਮਾ, ਪੰਜਾਬੀ ਜੁੱਤੀ ਆਦਿ। ਇਸ ਤਰ੍ਹਾਂ ਤੁਹਾਡਾ ਪਹਿਰਾਵਾ ਸਮਾਜ ਵਿਚ ਪ੍ਰਵਾਨਿਤ ਤਾਂ ਹੋ ਜਾਵੇਗਾ ਬ-ਸ਼ਰਤੇ ਕਿ ਤੁਸੀਂ ਛੋਟੀ ਗੋਲ ਪਗੜੀ ਦੀ ਥਾਂ ਦੋਮਾਲਾ ਬੰਨ੍ਹਿਆ ਕਰੋ ਜੋ ਨਿਹੰਗ ਸਿੰਘ ਬੰਨ੍ਹਦੇ ਹਨ।

**ਗੋਲ ਪਗੜੀ ਵਾਲਾ ਯੁਵਕ:** ਪਰ ਸਾਰੇ ਸੰਤ ਅਤੇ ਮਹਾਂਪੁਰਸ਼ ਅਜਿਹੀ ਹੀ ਪਗੜੀ ਪਹਿਨਦੇ ਹਨ।

**ਵਿਦਵਾਨ:** ਜੇ ਗੋਲ ਪਗੜੀ ਬੰਨ੍ਹਣ ਨਾਲ ਕੋਈ ਵਿਅਕਤੀ ਸੰਤ ਬਣ ਜਾਵੇ ਤਾਂ ਸੰਤ-ਗਿਰੀ ਬਹੁਤ ਹੀ ਸਸਤੀ ਚੀਜ਼ ਬਣ ਜਾਵੇਗੀ (ਗਈ)। ਇਸ ਲਈ ਤੁਸੀਂ ਗੋਲ ਪਗੜੀ ਦੇ ਝਾਂਸੇ ਵਿਚ ਨਾ ਆਓ, ਇਨ੍ਹਾਂ ਗੱਲਾਂ ਨਾਲ ਕੁਝ ਪ੍ਰਾਪਤ ਨਹੀਂ ਹੋਣਾ। ਹਾਂ, ਇਹ ਜ਼ਰੂਰ ਹੈ ਕਿ ਤੁਸੀਂ ਸੰਤਾਂ ਦੀ

ਨਕਲ ਦੇ ਚੱਕਰ ਵਿਚ ਗੋਲ ਪਗੜੀ ਨਾਲ ਆਪਣੀ ਸ਼ਖਸ਼ੀਅਤ ਨੂੰ ਹੀ ਗੁਆ ਰਹੇ ਹੋ। ਇਸ ਸਮੇਂ ਤੁਸੀਂ ਨਾ ਘਰ ਦੇ ਹੋ ਨਾ ਘਾਟ ਦੇ। "ਕਊਆ ਚਲਾ ਹੰਸ ਕੀ ਚਾਲ ਅਪਨੀ ਚਾਲ ਭੀ ਭੂਲਾ।।"

**ਇੱਕ ਹੋਰ ਯੁਵਕ:** ਸ੍ਰੀਮਾਨ ਜੀ, ਮੇਰੇ ਕੇਸ਼ਾਂ ਵਿਚ ਫੋੜੇ-ਫਿਨਸੀਆਂ ਨਿਕਲ ਆਉਂਦੇ ਹਨ। ਇਨ੍ਹਾਂ ਦਾ ਕੀ ਇਲਾਜ ਹੈ?

**ਪ੍ਰਚਾਰਕ:** ਬੇਟਾ ਜੀ, ਇਸ ਵਿਗਿਆਨਕ ਯੁਗ ਵਿੱਚ ਇਸ ਰੋਗ ਦੀ ਸ਼ਰਤੀਆ ਦਵਾਈ ਹੈ। ਨੋਟ ਕਰ ਲਓ- 'ਐਲੋਪੈਥੀ ਵਿਚ Mercurie axide yellow-10 ਗ੍ਰਾਮ ਨੂੰ 40 ਗ੍ਰਾਮ Soft Paraffin Yellow ਵਿਚ ਰਲਾ ਲਉ। ਇਸ ਮਿਸ਼ਰਣ ਨੂੰ ਸੌਣ ਵੇਲੇ ਸਿਰ ਦੇ ਫੋੜਿਆਂ ਤੇ ਮਲ ਲਉ ਅਤੇ ਸਵੇਰੇ "ਕਾਰਬੋਲਿਕ ਸਾਬਣ" ਨਾਲ ਧੋ ਲਉ। ਇਸ ਤਰ੍ਹਾਂ ਕੁਝ ਦਿਨ ਕਰਨ ਤੋਂ ਬਾਅਦ ਸਿਰ ਦੇ ਫੋੜੇ-ਫਿਨਸੀਆਂ ਠੀਕ ਹੋ ਜਾਂਦੇ ਹਨ। ਇਸ ਦੇ ਨਾਲ ਰੋਗੀ ਨੂੰ ਕੁਝ ਦਿਨ 'Septron' Tablet ਇੱਕ ਸਵੇਰੇ ਇੱਕ ਰਾਤ ਨੂੰ ਪਾਣੀ ਦੇ ਨਾਲ ਲੈਂਦੇ ਰਹਿਣਾ ਚਾਹੀਦਾ ਹੈ।

**2. ਆਯੁਰਵੈਦਿਕ:** ਆਯੁਰਵੈਦਿਕ ਦਵਾਈਆਂ ਵਿਚ ਰੋਗੀ ਦੇ ਸਿਰ ਤੇ ਨਿੰਮ ਦੇ ਤੇਲ ਦੀ ਮਾਲਿਸ਼ ਕਰੋ ਅਤੇ 'ਕਾਰਬੋਲਿਕ ਸਾਬਣ' ਨਾਲ ਧੋਣਾ ਚਾਹੀਦਾ ਹੈ। ਖਾਣ ਲਈ ਗੰਧਕ ਵੱਟੀ ਗੋਲੀ ਸਵੇਰੇ ਸ਼ਾਮ ਵਰਤੋਂ ਵਿਚ ਲਿਆ ਸਕਦੇ ਹੋ। ਇਹ ਦੋਵੇਂ ਨੁਸਖੇ ਸ਼ਰਤੀਆ ਹਨ।

**ਇਕ ਹੋਰ ਯੁਵਕ:** ਸ੍ਰੀ ਮਾਨ ਜੀ, ਮੈਂ ਪਗੜੀ ਬੰਨ੍ਹਦਾ ਹਾਂ ਤਾਂ ਮੇਰੇ ਸਿਰ ਵਿਚ ਪੀੜ ਹੁੰਦੀ ਹੈ ਅਥਵਾ ਕੰਨਾਂ ਵਿਚ ਵੀ ਦਰਦ ਹੋਣਾ ਸ਼ੁਰੂਹੋ ਜਾਂਦਾ ਹੈ। ਇਸ ਤੋਂ ਇਲਾਵਾ ਮੱਥੇ ਤੇ ਵੀ ਪਗੜੀ ਨਾਲ ਜ਼ਖ਼ਮ ਹੋ ਜਾਂਦੇ ਹਨ।

**ਪ੍ਰਚਾਰਕ:** ਤੁਸੀਂ ਪਗੜੀ ਨੂੰ ਬਹੁਤ ਗਿੱਲੀ ਕਰਕੇ ਬੰਨ੍ਹਦੇ ਹੋ ਜੋ ਕਿ ਸੁੱਕਣ ਤੇ ਸਖ਼ਤ ਭਾਵ ਤੰਗ ਹੋ ਜਾਂਦੀ ਹੈ। ਇਸ ਤਰ੍ਹਾਂ ਉਹ ਮੱਥੇ ਤੇ ਜ਼ਖ਼ਮ ਦਾ ਕਾਰਣ ਬਣ ਜਾਂਦੀ ਹੈ ਅਤੇ ਸਿਰ ਦੀ ਪੀੜ ਤੇ ਕੰਨਾਂ ਨੂੰ ਦਰਦ ਮਹਿਸੂਸ ਹੋਣ ਲੱਗ ਪੈਂਦਾ ਹੈ। ਇਸ ਦਾ ਉਪਾਅ ਹੈ-ਤੁਸੀਂ ਪਗੜੀ ਨੂੰ ਗਿੱਲੀ ਨਾ ਕਰੋ

ਅਤੇ ਪਗੜੀ ਥੋੜ੍ਹੀ ਢਿੱਲੀ ਬੰਨ੍ਹੋ। ਜੇ ਫਿਰ ਵੀ ਸਿਰ-ਪੀੜ ਤੇ ਕੰਨ ਦਰਦ ਜਾਰੀ ਰਹਿੰਦਾ ਹੈ ਤਾਂ ਪਗੜੀ ਨੂੰ ਸਿਰ ਉਤੇ ਹੀ ਇੱਕ ਦੋ ਵਾਰ ਘੁਮਾਓ। ਇਸ ਤਰ੍ਹਾਂ ਪਗੜੀ ਦੀ ਜਕੜ ਖ਼ਤਮ ਹੋ ਜਾਵੇਗੀ ਅਤੇ ਉਹ ਕਿਸੇ ਵੀ ਤਰ੍ਹਾਂ ਦਾ ਕਸ਼ਟ ਨਹੀਂ ਦੇਵੇਗੀ।

ਇੱਕ ਹੋਰ ਨੌਜੁਆਨ: ਛੋਟੀ ਗੋਲ ਪਗੜੀ ਸੌਖਿਆਂ ਬੰਨ੍ਹੀ ਜਾ ਸਕਦੀ ਹੈ ਜਦਕਿ ਵੱਡੀ ਪਗੜੀ ਬੰਨ੍ਹਣ ਵਿਚ ਸਮਾਂ ਬਹੁਤ ਲੱਗਦਾ ਹੈ, ਇਸ ਕਾਰਣ ਮੈਂ ਅਕਸਰ ਲੇਟ ਹੋ ਜਾਂਦਾ ਹਾਂ, ਅੰਤ ਮੈਂ ਜਲਦੀ ਦੇ ਕਾਰਣ ਛੋਟੀ ਗੋਲ ਪਗੜੀ ਹੀ ਬੰਨ੍ਹ ਕੇ ਗੁਜ਼ਾਰਾ ਕਰ ਲੈਂਦਾ ਹਾਂ।

ਪ੍ਰਚਾਰਕ: ਬਹਾਨੇਬਾਜ਼ੀ ਨਾਲ ਕਦੇ ਵੀ ਜੀਵਨ ਦੀ ਗੱਡੀ ਨਹੀਂ ਚਲਦੀ। ਬਹਾਨੇ ਬਣਾ ਕੇ ਵਿਅਕਤੀ ਆਪਣੇ ਆਪ ਨੂੰ ਹੀ ਧੋਖਾ ਦੇਂਦਾ ਹੈ। ਆਪਣੇ ਆਪ ਨੂੰ ਧੋਖਾ ਦੇਣਾ ਅਸਫ਼ਲਤਾ ਦਾ ਕਾਰਣ ਬਣ ਜਾਂਦਾ ਹੈ। ਇਸ ਦਾ ਪਛਤਾਵਾ ਵਿਅਕਤੀ ਨੂੰ ਜੀਵਨ ਭਰ ਸਹਿਣਾ ਪੈਂਦਾ ਹੈ। ਕਿਉਂਕਿ ਦੂਜੇ ਬਾਜ਼ੀ ਲੈ ਜਾਂਦੇ ਹਨ। ਇਸ ਗੋਲ ਪਗੜੀ (ਕੇਸ਼ਕੀ/ਛੋਟੀ ਦਸਤਾਰ/ਪਟਕਾ) ਵਿਚ ਤੁਸੀਂ ਹੀਰੋ ਨਹੀਂ ਸਗੋਂ ਜ਼ੀਰੋ ਦਿਖਾਈ ਦੇ ਰਹੇ ਹੋ। ਤੁਹਾਨੂੰ ਕੋਈ ਵੀ ਸਰਦਾਰ ਜੀ ਕਹਿ ਕੇ ਸਨਮਾਨ ਨਹੀਂ ਦੇ ਸਕਦਾ, ਨਾ ਤਾਂ ਤੁਸੀਂ ਬੱਚਿਆਂ ਵਿਚ ਗਿਣੇ ਜਾਂਦੇ ਹੋ, ਨਾ ਮਰਦਾਂ ਵਿਚ ਤੁਸੀਂ ਮੰਝਦਾਰ ਵਿਚ ਹੋ, ਨਾ ਆਰ ਨਾ ਪਾਰ। ਗੁਰੂਦੇਵ ਦਾ ਹੁਕਮ ਹੈ:- ਮੇਰਾ ਸਿੱਖ ਲੱਖਾਂ ਵਿਚ ਆਪਣੀ "ਸਾਬਤ ਸੂਰਤ ਦਸਤਾਰ ਸਿਰਾ" ਨਾਲ ਪਛਾਣਿਆ ਜਾਵੇਗਾ। ਖਾਲਸਾ ਆਪਣੇ ਨਿਆਰੇਪਣ ਨੂੰ ਦਰਸਾਉਣ ਲਈ ਹਮੇਸ਼ਾ ਜਾਗਰਿਤ ਰਹੇਗਾ। ਜਿਸ ਨਾਲ ਉਸ ਦੀ ਸ਼੍ਰੇਸ਼ਟਤਾ ਨੂੰ ਵੇਖ ਕੇ ਪੂਰਾ ਜਗਤ ਇਹ ਕਹਿਣ ਲਈ ਮਜ਼ਬੂਰ ਹੋ ਜਾਵੇ, "ਸਿੰਘ ਇਜ਼ ਕਿੰਗ।" ਜਦੋਂ ਤੁਸੀਂ ਪਗੜੀ ਰੂਪੀ ਤਾਜ ਪਹਿਨੋਗੇ ਹੀ ਨਹੀਂ ਤਾਂ ਤੁਹਾਨੂੰ ਕਿੰਗ (ਨਰੇਸ਼/ਰਾਜਾ) ਕੌਣ ਕਹੇਗਾ? ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਪ੍ਰਧਾਨ ਮੰਤਰੀ (ਸ੍ਰ. ਮਨਮੋਹਨ ਸਿੰਘ) ਜੀ ਦਾ ਰੋਜ਼ਾਨਾ ਜੀਵਨ ਬਹੁਤ ਹੀ ਰੁਝੇਵਿਆਂ ਭਰਪੂਰ ਹੈ। ਉਨ੍ਹਾਂ ਨੂੰ ਸਵੇਰੇ-ਸਵੇਰੇ ਹੀ ਗਾਰਡ ਲੈਣ ਆ ਜਾਂਦੇ ਹਨ। ਜੇ ਉਹ ਤੁਹਾਡੇ ਵਾਂਗ ਆਲਸ ਕਰਨ ਅਤੇ ਬਹਾਨੇ ਬਣਾਉਣ ਤਾਂ ਉਹ ਤਾਂ ਕਦੇ ਪਗੜੀ ਧਾਰਣ

ਹੀ ਨਾ ਕਰ ਸਕਣ। ਮੇਰਾ ਭਾਵ ਇਹ ਹੈ ਕਿ ਕੀ ਤੁਸੀਂ ਉਨ੍ਹਾਂ ਤੋਂ ਵੀ ਵੱਡੇ ਆਦਮੀ ਬਣ ਗਏ ਹੋ, ਜੋ ਤੁਹਾਨੂੰ ਪਗੜੀ ਬੰਨ੍ਹਣ ਦਾ ਸਮਾਂ ਨਹੀਂ ਮਿਲਦਾ। ਠੀਕ ਇਸੇ ਤਰ੍ਹਾਂ ਜਰਨਲ ਜੇ.ਜੇ.ਸਿੰਘ ਹਰ ਰੋਜ਼ ਸਵੇਰੇ 'ਗਾਰਡ ਆਫ ਆਨਰ' ਦੇ ਲਈ ਸੈਨਿਕਾਂ ਦੀ ਪਰੇਡ ਦਾ ਮੁਆਇਨਾ ਕਰਦੇ ਹਨ, ਕਦੇ ਉਨ੍ਹਾਂ ਨੂੰ ਪਗੜੀ ਤੋਂ ਬਿਨ੍ਹਾਂ ਵੇਖਿਆ ਹੈ ਤੁਸੀਂ?

ਇੱਕ ਆਲਸੀ ਸਿੱਖ ਯੁਵਕ ਬਿਸਤਰਾ ਬਹੁਤ ਦੇਰ ਨਾਲ ਛੱਡਦਾ ਸੀ। ਇਸ ਲਈ ਉਸ ਦਾ ਬਾਸ ਦਫ਼ਤਰ ਲੇਟ ਪੁੱਜਣ ਤੇ ਅਕਸਰ ਉਸਨੂੰ ਡਾਂਟਦਾ ਹੁੰਦਾ ਸੀ। ਉਸ ਯੁਵਕ ਨੇ ਇਹ ਸੋਚ ਕੇ ਸ਼ਾਇਦ ਪਗੜੀ ਅਤੇ ਦਾੜ੍ਹੀ ਬੰਨ੍ਹਣਾ ਮੇਰੇ ਲੇਟ ਹੋਣ ਦਾ ਕਾਰਨ ਹੈ, ਇਸ ਲਈ ਉਸ ਨੇ ਸਿੱਖੀ ਤਿਆਗ ਦਿੱਤੀ ਇਸ ਪ੍ਰਕਾਰ ਉਹ ਗੁਰੂਤੋਂ ਬੇਮੁਖ, ਪਤਿਤ ਹੋ ਗਿਆ ਪਰੰਤੂਉਹ ਹੁਣ ਵੀ ਸਮੇਂ ਸਿਰ ਕਦੀ ਵੀ ਦਫ਼ਤਰ ਨਾ ਪੁੱਜ ਸਕਿਆ। ਇੱਕ ਦਿਨ ਉਸ ਦੇ ਬਾਸ ਨੇ ਉਸ ਤੋਂ ਪੁੱਛਿਆ ਪਹਿਲਾਂ ਤੂੰ ਲੇਟ ਹੋਣ ਦੇ ਕਾਰਣਾਂ ਵਿਚ ਪਗੜੀ ਅਤੇ ਦਾੜ੍ਹੀ ਬੰਨ੍ਹਣ ਨੂੰ ਦੇਰ ਦਾ ਕਾਰਣ ਦੱਸਦਾ ਸੀ ਹੁਣ ਕੀ ਗੱਲ ਹੈ, ਤੂੰ ਲੇਟ ਕਿਉਂ ਹੁੰਦਾ ਏਂ? ਯੁਵਕ ਦਾ ਉੱਤਰ ਸੀ ਹੁਣ ਮੈਨੂੰ ਸਵੇਰੇ-ਸਵੇਰੇ ਸ਼ੇਵਰ ਵਿਚ ਬਲੇਡ ਪਾ ਕੇ ਸ਼ੇਵਿੰਗ ਕਰੀਮ ਦੇ ਬੁਰਸ਼ ਨਾਲ ਝੱਗ ਬਣਾ ਕੇ ਗੱਲ੍ਹਾਂ ਨੂੰ ਛਿੱਲਣਾ ਪੈਂਦਾ ਹੈ ਜਿਸ ਨਾਲ ਕਈ ਵਾਰ ਗੱਲ੍ਹਾਂ ਤੇ ਘਾਵ ਹੋ ਜਾਂਦੇ ਹਨ ਅਤੇ ਸਾਰਾ ਦਿਨ ਗੱਲ੍ਹਾਂ ਤੇ ਜਲਣ ਹੁੰਦੀ ਰਹਿੰਦੀ ਹੈ। ਇਸ ਤੋਂ ਇਲਾਵਾ ਕਈ ਵਾਰ ਨਾਈ ਦੀ ਦੁਕਾਨ ਤੇ ਘੰਟਿਆਂ ਬਦੀ ਆਪਣੀ ਵਾਰੀ ਆਉਣ ਦੀ ਉਡੀਕ ਕਰਨੀ ਪੈ ਜਾਂਦੀ ਹੈ ਅਤੇ ਇੱਕ ਵੱਡੀ ਰਕਮ ਵੀ ਦੇਣੀ ਪੈਂਦੀ ਹੈ। ਇਸ ਤੇ ਉਸ ਦੇ ਬਾਸ ਨੇ ਕਹਿਆ ਬਾਕੀ ਸਟਾਫ ਕਿਸ ਤਰ੍ਹਾਂ ਸਮੇਂ ਤੇ ਪੁੱਜਦੇ ਹਨ? ਉੱਤਰ ਵਿਚ ਉਸ ਨੇ ਕਿਹਾ ਬਾਕੀ ਸਟਾਫ ਵਿਚ ਔਰਤਾਂ ਜ਼ਿਆਦਾ ਹਨ ਉਹ ਸਮੇਂ ਸਿਰ ਪੁੱਜ ਸਕਦੀਆਂ ਹਨ, ਕਿਉਂਕਿ ਉਨ੍ਹਾਂ ਨਾ ਪੱਗ ਬੰਨ੍ਹਣੀ ਹੈ ਨਾ ਸ਼ੇਵ ਕਰਨੀ ਹੈ। ਇਹ ਉੱਤਰ ਸੁਣਦੇ ਹੀ ਸਾਰਿਆਂ ਮਹਿਲਾ ਕਰਮਚਾਰੀਆਂ ਨੇ ਬਹੁਤ ਵੱਡਾ ਇਤਰਾਜ਼ ਕੀਤਾ। ਉਨ੍ਹਾਂ ਦਾ ਕਹਿਣਾ ਸੀ ਸਾਨੂੰ ਸ਼ਿੰਗਾਰ ਕਰਨ ਵਿਚ ਪੁਰਸ਼ਾਂ ਤੋਂ ਕਿਤੇ ਸਮਾਂ ਜ਼ਿਆਦਾ ਲੱਗਦਾ ਹੈ ਪਰੰਤੂਅਸੀਂ ਬਹੁਤ ਜ਼ਿੰਮੇਵਾਰੀ ਭਰਿਆ ਜੀਵਨ ਜੀਉਂਦੀਆਂ ਹਾਂ। ਇਸ ਲਈ ਅਸੀਂ ਜ਼ਿਆਦਾਤਰ ਘਰੇਲੂਕੰਮ ਕਾਰ ਰਾਤ ਸੌਣ ਤੋਂ ਪਹਿਲਾਂ

ਨਿਪਟਾ ਲੈਂਦੀਆਂ ਹਾਂ, ਮੁੜ ਸਵੇਰੇ ਵੀ ਇਕ ਡੇਢ ਘੰਟਾ ਪਹਿਲਾਂ ਉੱਠ ਕੇ ਬੱਚਿਆਂ ਨੂੰ ਤਿਆਰ ਕਰ ਕੇ ਸਕੂਲ ਭੇਜ ਦੀਆਂ ਹਾਂ ਅਤੇ ਸੱਸ-ਸਸੁਰ ਨੂੰ ਨਾਸ਼ਤਾ ਦੇ ਕੇ ਸਮੇਂ ਸਿਰ ਕੰਮ ਤੇ ਪੁੱਜ ਜਾਂਦੀਆਂ ਹਾਂ। ਇਹ ਸੱਚ ਸੁਣ ਕੇ ਉਸ ਪਤਿਤ ਪਾਸ ਕੋਈ ਉੱਤਰ ਨਹੀਂ ਸੀ। ਅਸਲ ਵਿਚ ਹਰ ਰੋਜ਼ ਦਫ਼ਤਰ ਲੇਟ ਪੁੱਜਣ ਦਾ ਕਾਰਨ ਉਸ ਦਾ ਆਲਸੀ ਹੋਣਾ ਸੀ ਨਾ ਕਿ ਪੱਗ ਬੰਨ੍ਹਣੀ ਜਾਂ ਦਾੜ੍ਹੀ ਬੰਨ੍ਹਣੀ।

ਗੁਰ ਸਤਿਗੁਰੁ ਕਾ ਜੋ ਸਿਖੁ ਅਖਾਏ॥
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥

ਜੋ ਸਿੱਖ ਆਲਸੀ ਜੀਵਨ ਜੀਊਣਾ ਚਾਹੁੰਦੇ ਹਨ ਉਹ ਗੁਰੂਕ੍ਰਿਪਾ ਦੇ ਪਾਤਰ ਨਹੀਂ ਬਣ ਸਕਦੇ।

1. ਇਕ ਗੱਲ ਸਾਰੇ ਯੁਵਕ ਪੱਲੇ ਬੰਨ੍ਹ ਲੈਣ ਉਧਮੀ ਜੀਵਨ ਜੀਣਾ ਹੀ ਹਰ ਖੇਤਰ ਵਿੱਚ ਸਫ਼ਲਤਾ ਦਿਵਾਉਂਦਾ ਹੈ। ਨਿਰੋਗ ਰਹਿਣ ਦਾ ਵੀ ਇਹ ਹੀ ਸਿਧਾਂਤ ਹੈ। ਸਵੇਰੇ (ਅੰਮ੍ਰਿਤ ਵੇਲੇ) ਬਿਸਤਰਾ ਛੱਡਣ ਨਾਲ ਸਰੀਰਕ, ਮਾਨਸਿਕ ਅਤੇ ਆਤਮਿਕ ਤਿੰਨੋ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ।

2. ਜ਼ਿਆਦਾ ਖਾਣ ਨਾਲ ਵੀ ਕੋਈ ਪਹਿਲਵਾਨ ਨਹੀਂ ਬਣਦਾ, ਬਲਕਿ ਸਰੀਰ ਰੋਗੀ ਹੋ ਜਾਂਦਾ ਹੈ। ਪਹਿਲਵਾਨ ਤਾਂ ਕਸਰਤ ਕਰਨ ਨਾਲ ਬਣਦਾ ਹੈ। ਇਸ ਲਈ ਲੋਕ ਕਹਾਵਤ ਹੈ: "ਹੱਡ ਦਾ ਹਰਾਮ ਅਤੇ ਜਬਾਨ ਦਾ ਚਟੂਰਾ, ਸਦਾ ਬਿਮਾਰ ਹੀ ਰਹਿੰਦਾ ਹੈ।"

3. ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਤੱਥ ਨੂੰ ਧਿਆਨ ਵਿਚ ਰਖਦੇ ਹੋਏ ਆਪਣੇ ਜੀਵਨ ਕਾਲ ਵਿਚ ਬਹੁਤ ਸਾਰੇ ਅਖਾੜੇ ਬਣਵਾਏ। ਜਿੱਥੇ ਯੁਵਕਾਂ ਨੂੰ ਸਦੀਵੀ ਤੰਦਰੁਸਤ ਰਹਿਣ ਲਈ ਸਵੇਰੇ-ਸਵੇਰੇ ਕਸਰਤ ਕਰਵਾਈ ਜਾਂਦੀ ਸੀ। ਜਿਸ ਨਾਲ ਸਾਰੇ ਵਰਗਾਂ ਦੇ ਮਨੁੱਖਾਂ ਨੂੰ ਅੰਮ੍ਰਿਤ ਵੇਲੇ ਉੱਠਣ ਦੇ ਸੰਸਕਾਰ ਪ੍ਰਾਪਤ ਹੋ ਸਕਣ।

ਇੱਕ ਹੋਰ ਨੌਜੁਆਨ: ਮੈਨੂੰ ਗਰਮੀ ਬਹੁਤ ਲੱਗਦੀ ਹੈ, ਮੈਂ ਇਸ ਲਈ ਪਗੜੀ ਦੇ ਥਾਂ ਤੇ ਪਟਕਾ ਬੰਨ੍ਹ ਕੇ ਗੁਜ਼ਾਰਾ ਕਰ ਲੈਂਦਾ ਹਾਂ।

ਪ੍ਰਚਾਰਕ: ਪਹਿਲੀ ਗੱਲ ਤਾਂ ਪਗੜੀ ਹਰ ਮੌਸਮ ਵਿਚ ਠੀਕ ਹੈ। ਜਿਥੇ ਇਹ ਸਾਨੂੰ ਸਰਦੀ ਤੋਂ ਬਚਾਉਂਦੀ ਹੈ, ਉਥੇ ਗਰਮੀ ਵਿਚ ਤੇਜ਼ ਧੁੱਪ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ। ਜਦੋਂ ਸਾਨੂੰ ਪਸੀਨਾ ਆਉਂਦਾ ਹੈ ਤਾਂ ਇਹ ਤੁਰੰਤ ਉਸ ਨੂੰ ਹਵਾ ਦੇ ਬੁਲਿਆਂ ਨਾਲ ਠੰਡਾ ਕਰਕੇ ਠੰਡਕ ਦੇਂਦੀ ਹੈ, ਉਸ ਸਮੇਂ ਪਗੜੀ ਸਿਰ ਨੂੰ ਏਅਰਕੰਡੀਸ਼ਨਰ ਦਾ ਕੰਮ ਕਰਦੀ ਹੈ। ਉਂਝ ਵੀ ਜਿਸ ਵਿਅਕਤੀ ਦੇ ਗੁਰੂ ਤੱਤੀ ਤਵੀ ਤੇ ਬਿਰਾਜਮਾਨ ਹੋਣ ਤੇ ਵੀ ਗਰਮੀ ਦੀ ਪੀੜ ਮਹਿਸੂਸ ਨਹੀਂ ਕਰਦੇ, ਉਨ੍ਹਾਂ ਦਾ ਸਿੱਖ ਇਹ ਕਿਹੋ ਜਿਹੀਆਂ ਦਕਿਆਨੂਸੀ ਵਾਲੀਆਂ ਗੱਲਾਂ ਕਰ ਰਿਹਾ ਹੈ? ਇਸ ਤੋਂ ਇਲਾਵਾ ਜਦੋਂ ਤੁਸੀਂ ਪਗੜੀ ਬੰਨ੍ਹਦੇ ਹੋ ਤਾਂ ਉਹ ਤੁਹਾਡੇ ਸਿਰ ਨੂੰ ਇਕ ਹੈਲਮੈਟ ਦੇ ਰੂਪ ਵਿਚ ਸੁਰੱਖਿਆ ਵੀ ਦੇਂਦੀ ਹੈ। ਇਹ ਪਗੜੀ ਦਾ ਸਾਨੂੰ ਵਰਦਾਨ ਵੀ ਮਿਲਦਾ ਹੈ।

ਇੱਕ ਹੋਰ ਯੁਵਕ: ਤੁਸੀਂ ਮੇਰੇ ਲਈ ਅਰਦਾਸ ਕਰੋ ਕਿ ਮੈਨੂੰ ਪਗੜੀ ਬੰਨ੍ਹਣੀ ਆ ਜਾਵੇ।

ਪ੍ਰਚਾਰਕ: ਪ੍ਰਮਾਤਮਾ ਉਨ੍ਹਾਂ ਦੀ ਸਹਾਇਤਾ ਕਰਦਾ ਹੈ, ਜਿਹੜੇ ਆਪਣੀ ਸਹਾਇਤਾ ਆਪ ਕਰਦੇ ਹਨ। ਅਰਥਾਤ ਇਸ ਕੰਮ ਦੇ ਲਈ ਤੁਹਾਨੂੰ ਖੁਦ ਅਰਦਾਸ ਕਰਨੀ ਚਾਹੀਦੀ ਹੈ ਅਤੇ ਸੱਚੀ ਲਗਨ ਨਾਲ ਅੱਜ ਹੀ ਪਗੜੀ ਬੰਨ੍ਹਣ ਦਾ ਅਭਿਆਸ ਸ਼ੁਰੂਕਰ ਦੇਣਾ ਚਾਹੀਦਾ ਹੈ। ਨਹੀਂ ਤਾਂ ਗੱਲ ਬਿਲਕੁਲ ਉਸ ਤਰ੍ਹਾਂ ਦੀ ਹੋ ਜਾਵੇਗੀ ਜਿਵੇਂ ਇੱਕ ਕਿਸਾਨ ਖੇਤੀ ਬੀਜਦਾ ਨਹੀਂ ਅਤੇ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ, ਮੇਰੀ ਖੇਤੀ ਵਧੇ-ਫੁੱਲੇ।

ਇੱਕ ਹੋਰ ਯੁਵਕ: ਮੈਂ ਜੇ ਸਿਰ ਤੇ ਟੋਪੀ ਪਾ ਲੈਂਦਾ ਹਾਂ ਤਾਂ ਇਸ ਵਿਚ ਕੀ ਫਰਕ ਪੈ ਜਾਂਦਾ ਹੈ। ਮੈਂ ਤਾਂ ਕੇਸ਼ਾਂ ਨੂੰ ਪੂਰਨ ਰੂਪ ਵਿਚ ਢੱਕ ਕੇ ਰੱਖਣ ਦਾ ਕੰਮ ਕਰ ਲਿਆ ਹੈ।

**ਪ੍ਰਚਾਰਕ:** ਪ੍ਰਮਾਤਮਾ ਦੀ ਕ੍ਰਿਪਾ ਨਾਲ ਤੁਹਾਨੂੰ ਬਾਂਦਰ ਤੋਂ ਮਾਨਵ ਸਰੀਰ ਮਿਲ ਗਿਆ ਹੈ ਅਤੇ ਗੁਰੂਦੇਵ ਨੇ ਤੁਹਾਡੇ ਸਿਰ ਤੇ ਇਜ਼ਤ ਰੂਪੀ ਪਗੜੀ ਪਹਿਨਾ ਕੇ ਤੁਹਾਨੂੰ ਨਰੇਸ਼ (ਰਾਜਾ) ਬਣਾ ਦਿੱਤਾ ਪਰ ਤੁਹਾਨੂੰ ਇਹ ਸਤਿਕਾਰ ਯੋਗ ਅਹੁਦਾ ਚੰਗਾ ਨਹੀਂ ਲੱਗਾ। ਤੁਹਾਡੇ ਵਿਚ ਫਿਰ ਤੋਂ ਬਾਂਦਰ ਵਾਲੇ ਸੰਸਕਾਰ ਜਾਗਰਿਤ ਹੋ ਉਠੇ ਹਨ ਅਤੇ ਤੁਸੀਂ ਦੁਬਾਰਾ ਬਾਂਦਰ ਬਣਨ ਲਈ 'ਬਾਂਦਰ ਟੋਪੀ' ਪਾ ਲਈ ਹੈ। ਅਰਥਾਤ ਤੁਹਾਨੂੰ ਰਿਵਰਸ ਗਿਅਰ ਲੱਗ ਗਿਆ ਹੈ। ਜਦਕਿ ਤੁਸੀਂ ਇਹ ਵੀ ਜਾਣਦੇ ਹੋ ਕਿ ਸਿੱਖ ਰਹਿਤ ਮਰਯਾਦਾ ਵਿਚ ਟੋਪੀ ਧਾਰਨ ਕਰਨਾ ਸਖ਼ਤ ਅਪਰਾਧ ਮੰਨਿਆ ਗਿਆ ਹੈ।

**ਨੌਜੁਆਨ:** ਅਸਲ ਵਿਚ ਮੈਨੂੰ ਪਗੜੀ ਬੰਨ੍ਹਣ ਵਿਚ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ। ਮੇਰੇ ਤੋਂ ਪਗੜੀ ਸੋਹਣੀ ਵੀ ਨਹੀਂ ਬੰਨ੍ਹੀ ਜਾਂਦੀ।

**ਪ੍ਰਚਾਰਕ:** ਤੁਸੀਂ ਮੈਨੂੰ ਆਪਣੇ ਬਾਰੇ ਵਿਚ ਕੁਝ ਜਾਣਕਾਰੀਆਂ ਦਿਓ। ਮੇਰਾ ਮਤਲਬ ਹੈ ਆਪਣੀ ਨਿੱਜੀ ਜਾਣਕਾਰੀ (Bio-data) ਦੱਸੋ।

**ਨੌਜੁਆਨ:** ਮੈਂ 22 ਸਾਲ ਦਾ ਜੁਆਨ ਹਾਂ। ਇਸ ਸਮੇਂ ਬੀ.ਏ. ਵਿਚ ਪੜ੍ਹ ਰਿਹਾ ਹਾਂ ਆਦਿ.......

**ਪ੍ਰਚਾਰਕ:** ਤੁਸੀਂ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹੋ, ਕਿਸੇ ਵੱਡੇ ਉੱਚੇ ਅਹੁਦੇ ਲਈ ਚੁਣੇ ਜਾਣ ਦਾ ਸੁਪਨਾ ਦੇਖ ਰਹੇ ਹੋ ਅਤੇ ਜਲਦੀ ਹੀ ਤੁਹਾਡੀ ਉਮਰ ਵਿਆਹ ਦੇ ਯੋਗ ਹੋ ਜਾਵੇਗੀ। ਅਜਿਹੇ ਸਮੇਂ ਵਿਚ ਤੁਹਾਨੂੰ ਸਿਰਫ ਪਗੜੀ ਬੰਨ੍ਹਣੀ ਨਹੀਂ ਆਉਂਦੀ। ਇਸ ਕਰਕੇ ਤੁਹਾਡੀ ਯੋਗਤਾ ਤੇ ਸ਼ੱਕ ਪੈਦਾ ਹੋਣਾ ਸੁਭਾਵਿਕ ਹੈ। ਕੀ ਤੁਸੀਂ ਮੋਟਰ ਸਾਈਕਲ ਚਲਾਉਣਾ ਜਾਣਦੇ ਹੋ? ਜੇ ਹਾਂ ਤਾਂ ਉਹ ਕਿਵੇਂ ਸਿੱਖੀ ਸੀ?

**ਨੌਜੁਆਨ:** ਉਹ ਤਾਂ ਦੇਖਾ-ਦੇਖੀ ਥੋੜ੍ਹਾ ਜਿਹਾ ਅਭਿਆਸ ਕਰਨ ਤੇ ਚਲਾਉਣਾ ਆ ਗਿਆ ਸੀ।

**ਪ੍ਰਚਾਰਕ:** ਮੈਂ ਵੀ ਇਹੀ ਗੱਲ ਕਰ ਰਿਹਾ ਹਾਂ। ਇਥੇ ਤੁਹਾਡੀ ਇੱਛਾ ਸ਼ਕਤੀ ਜਾਗਰਿਤ ਸੀ। ਇਹ

ਕੰਮ ਸਿਰਫ ਦੇਖਾ-ਦੇਖੀ ਵਿਚ ਅਰਥਾਤ ਖੇਲ੍ਹ-ਖੇਲ੍ਹ ਵਿਚ ਹੀ ਤੁਸੀਂ ਸਿੱਖ ਲਿਆ ਪਰ ਤੁਹਾਨੂੰ ਪਗੜੀ ਬੰਨ੍ਹਣ ਵਿਚ ਦਿਲਚਸਪੀ (ਰੁਚੀ) ਪੈਦਾ ਨਹੀਂ ਹੋਈ। ਇਸ ਲਈ ਤੁਸੀਂ ਆਪਣੇ ਆਪ ਨੂੰ ਧੋਖਾ ਦੇਂਦੇ ਰਹੇ ਅਤੇ ਆਪਣੀ ਪ੍ਰਤਿਭਾ ਦੀ ਵਰਤੋਂ ਹੀ ਨਹੀਂ ਕੀਤੀ। ਜੇ ਤੁਸੀਂ ਪਗੜੀ ਪ੍ਰਤੀ ਥੋੜ੍ਹਾ ਜਿਹਾ ਵੀ ਉਤਸ਼ਾਹ ਦਿਖਾਇਆ ਹੁੰਦਾ ਤਾਂ "ਜਿਥੇ ਚਾਹ ਉਥੇ ਰਾਹ" ਦੀ ਕਹਾਵਤ ਅਨੁਸਾਰ ਤੁਸੀਂ ਇੰਕ ਸੁੰਦਰ ਪਗੜੀ ਵਾਲੇ ਬਾਂਕੇ ਛੈਲ-ਛਬੀਲੇ ਨੌਜੁਆਨ ਦ੍ਰਿਸ਼ਟੀਗੋਚਰ ਹੁੰਦੇ। ਪਰ ਇਸ ਸਮੇਂ ਮੈਨੂੰ ਭਾਰੀ ਮਨ ਨਾਲ ਕਹਿਣਾ ਪੈ ਰਿਹਾ ਹੈ, ਜਿਥੇ ਤੁਸੀਂ ਆਪਣੀ ਸਖਸ਼ੀਅਤ ਗੁਆਈ ਹੈ ਉਥੇ ਸਿੱਖੀ ਨੂੰ ਵੀ ਦਾਗ ਲਾਇਆ ਹੈ।

ਮੈਂ ਕਿਸੀ ਦੂਜੇ ਦਾ ਕੋਈ ਉਦਾਹਰਣ ਆਪ ਦੇ ਸਨਮੁੱਖ ਰੱਖਾਂ, ਇਸ ਤੋਂ ਪਹਿਲਾਂ ਆਪਣੇ ਜੀਵਨ ਦੀ ਦਿਨ ਚਰਿਆ ਤੁਹਾਨੂੰ ਦੱਸਦਾ ਹਾਂ। ਮੈਂ ਇਕ ਰਿਟਾਇਡ ਫੌਜੀ ਹਾਂ। ਸਾਨੂੰ ਸੀਮਾਵਰਤੀ ਪਹਾੜੀ ਇਲਾਕਿਆਂ ਵਿਚ ਸਨੋ ਟੈਂਟਾਂ ਵਿਚ ਰਹਿਣਾ ਪੈਂਦਾ ਸੀ। ਬਰਫਬਾਰੀ ਦੇ ਦਿਨਾਂ 'ਚ ਵੀ ਸਾਨੂੰ ਸਵੇਰੇ ਹਰ ਰੋਜ਼ ਫਾਲ-ਇਨ ਹੋਣਾ ਪੈਂਦਾ ਸੀ। ਸੈਕਿੰਡ ਪਰੇਡ ਵਿਚ ਅਸਾਨੂੰ ਨਾਸ਼ਤਾ ਕਰਨ ਤੋਂ ਬਾਅਦ ਪੂਰੀ ਵਰਦੀ ਵਿਚ ਫਾਲਇਨ ਹੋਣਾ ਲਾਜ਼ਮੀ ਹੁੰਦਾ ਸੀ। ਫਸਟ ਪਰੇਡ ਅਤੇ ਸੈਕਿੰਡ ਪਰੇਡ ਵਿਚ ਸਿਰਫ ਅੱਧੇ ਘੰਟੇ ਦਾ ਹੀ ਅੰਤਰਾਲ ਹੁੰਦਾ ਸੀ। ਇਸ ਸਮੇਂ ਵਿਚ ਸਾਰੇ ਨਾਸ਼ਤਾ ਵੀ ਕਰਦੇ ਅਤੇ ਪਗੜੀ ਆਦਿ ਵੀ ਬੰਨ੍ਹ ਕੇ, ਸਭ ਤੋਂ ਪਹਿਲਾਂ ਸੀਟੀ ਦੀ ਆਵਾਜ਼ ਤੇ ਫਾਲਇਨ ਹੋ ਜਾਂਦੇ। ਜਿਸ ਤਰ੍ਹਾਂ ਕਿ ਤੁਸੀਂ ਸਾਰੇ ਜਾਣਦੇ ਹੀ ਹੋ ਫੌਜ ਵਿਚ ਬਹਾਨੇਬਾਜ਼ੀ ਕਦੀ ਵੀ ਨਹੀਂ ਚੱਲ ਸਕਦੀ।

**ਇੱਕ ਯੁਵਕ:** ਗਿਆਨੀ ਜੀ, ਮੈਂ ਪਗੜੀ ਬੰਨ੍ਹਣ ਦੀ ਬਹੁਤ ਕੋਸ਼ਿਸ਼ ਕਰਦਾ ਹਾਂ ਪਰ ਮੈਨੂੰ ਕਦੀ ਵੀ ਸਫਲਤਾ ਨਹੀਂ ਮਿਲੀ।

**ਪ੍ਰਚਾਰਕ:** ਅਕਲ ਵੱਡੀ ਹੁੰਦੀ ਹੈ ਯਾ ਭੈਂਸ (ਮੱਝ)? ਆਪ ਨੇ ਜੂੜਾ ਠੀਕ ਮੱਥੇ ਦੇ ਉਪਰ ਕੀਤਾ ਹੋਇਆ ਹੈ, ਜੇਕਰ ਜੂੜਾ ਸਿਰ ਦੇ ਕੇਂਦਰ (ਵਿਚਕਾਰ/ਚੋਟੀ) ਵਿੱਚ ਕਰੋਗੇ ਤਾਂ ਹੀ ਪਗੜੀ ਬੰਨ੍ਹੀ

ਜਾ ਸਕੇਗੀ ਅਤੇ ਗੁਰੂਹੁਕਮਾਂ ਅਨੁਸਾਰ ਜੂੜੇ ਦੇ ਪਿੱਛੇ ਲੱਕੜੀ ਦਾ ਕੰਘਾ ਵੀ ਰੱਖ ਸਕੋਗੇ। ਅਸਲ ਵਿੱਚ ਜਿਥੇ ਪਗੜੀ ਬੰਨ੍ਹੀ ਜਾਣੀ ਸੀ ਉਥੇ ਆਪ ਨੇ ਜੂੜਾ ਬੰਨ੍ਹਿਆ ਹੋਇਆ ਹੈ। ਇਸ ਲਈ ਆਪ ਪਗੜੀ ਬੰਨ੍ਹਣ ਵਿੱਚ ਅਸਫਲ ਹੁੰਦੇ ਹੋ। ਹੁਣ ਮੈਂ ਤੁਸਾਂ ਨੂੰ ਪਗੜੀ ਬੰਨ੍ਹਣ ਦਾ ਗੁਰ (ਸਿਧਾਂਤ) ਦਸਦਾ ਹਾਂ। ਆਪ ਜੀ ਇਕ ਛੋਟਾ ਜਿਹਾ ਘੜਾ ਲੈ ਲਵੋ ਜੋ ਕਿ ਮਨੁੱਖ ਦੇ ਸਿਰ ਦੇ ਅਕਾਰ ਦਾ ਹੋਵੇ। ਉਸ ਨੂੰ ਉਲਟਾ ਕਰ ਕੇ ਉਸ ਤੇ ਪਗੜੀ ਬੰਨ੍ਹਣਾ ਸ਼ੁਰੂਕਰੋ। ਤੁਸੀਂ ਉਪਰੋਂ ਹੇਠਾਂ ਪਹਿਲਾਂ ਚੱਕਰ ਲਗਾਓ, ਦੂਜੀ ਵਾਰ ਦੂਸਰੇ ਚੱਕਰ ਨੂੰ ਤੁਸੀਂ ਘੜੇ ਦੇ ਮੱਧ ਵਿਚ ਗੁਣਾਂ ਦੇ ਨਿਸ਼ਾਨ ਅਨੁਸਾਰ ਕੱਟਦੇ ਹੋਏ ਵਧਦੇ ਹੀ ਚਲੇ ਜਾਵੋ ਇਸ ਤਰ੍ਹਾਂ ਅੰਤਿਮ ਵਾਰ ਤੁਸੀਂ ਹੇਠੋਂ ਉਪਰ ਨੂੰ ਵਧੋਗੇ। ਫਿਰ ਪਗੜੀ ਸੰਪੂਰਣ ਹੋ ਜਾਵੇਗੀ। ਇਸ ਵਿਧੀ ਨੂੰ ਬਹੁਤ ਹੀ ਧੀਰਜ ਨਾਲ ਆਪਣੇ ਸਿਰ ਤੇ ਅਪਨਾ ਕੇ ਅਭਿਆਸ ਕਰੋ। ਧਿਆਨ ਰਹੇ ਪਗੜੀ ਨੂੰ ਭੁੱਲ ਕੇ ਵੀ ਗਿੱਲਾ ਨਹੀਂ ਕਰਨਾ। ਸਫਲਤਾ ਤੁਹਾਡੇ ਚਰਨ ਚੁੰਮੇਗੀ।

ਇੱਕ ਹੋਰ ਨੌਜੁਆਨ: ਕੁਝ ਯੁਵਕ ਪਗੜੀ ਬੰਨ੍ਹਣ ਸਮੇਂ ਕੇਸ਼ਾਂ ਦਾ ਜੂੜਾ ਖੋਲ੍ਹ ਦੇਂਦੇ ਹਨ ਅਤੇ ਉਨ੍ਹਾਂ ਨੂੰ ਘੁਮਾ ਕੇ ਪਿੱਛੇ ਬੰਨ੍ਹਦੇ ਹਨ, ਕੀ ਇਹ ਗੁਰਮਤਿ ਵਿਚ ਮੰਨਣਯੋਗ ਹੈ?

ਪ੍ਰਚਾਰਕ: ਪਗੜੀ ਬੰਨ੍ਹਣ ਦਾ ਅਰਥ ਹੀ ਕੇਸ਼ਾਂ ਨੂੰ ਸਨਮਾਨ ਦੇਣਾ ਹੈ। ਜੇ ਕੋਈ ਕੇਸ਼ਾਂ ਨੂੰ ਖੋਲ੍ਹ ਕੇ ਅਰਥਾਤ ਜੂੜਾ ਨਾ ਕਰਕੇ, ਕੋਈ ਹੋਰ ਵਿਧੀ ਅਪਣਾ ਕੇ ਪਗੜੀ ਬੰਨ੍ਹਦਾ ਹੈ ਤਾਂ ਉਹ ਸਿੱਖ ਕਿਸ ਗੱਲ ਦਾ ਹੈ? ਜਦ ਕਿ ਉਸ ਨੇ ਮੁੱਖ ਉਦੇਸ਼ ਦੇ ਉਲਟ ਕੰਮ ਕੀਤਾ ਹੋਇਆ ਹੈ। ਪਗੜੀ ਨਾਲ ਜੂੜਾ, ਕੰਘਾ ਦਿਖਾਈ ਦੇਣਾ ਚਾਹੀਦਾ ਹੈ।

ਇੱਕ ਹੋਰ ਨੌਜੁਆਨ: ਮੈਂ ਸਿਰਫ਼ ਅੱਜ ਹੀ ਪਗੜੀ ਨਹੀਂ ਬੰਨ੍ਹੀ, ਵੈਸੇ ਮੈਂ ਅਕਸਰ ਪਗੜੀ ਬੰਨ੍ਹਦਾ ਹੀ ਹਾਂ।

ਪ੍ਰਚਾਰਕ: ਜਿਵੇਂ ਕਿ ਮੈਂ ਪਹਿਲਾਂ ਹੀ ਕਹਿ ਚੁੱਕਿਆ ਹਾਂ, ਗੁਰੂਹੁਕਮ ਹੈ, ਸਿੱਖ ਨੇ

ਹਮੇਸ਼ਾ ਪਗੜੀ ਬੰਨ੍ਹ ਕੇ ਹੀ ਘਰ ਤੋਂ ਬਾਹਰ ਜਾਣਾ ਹੈ, ਜਦ ਤੁਸੀਂ ਆਪਣੇ ਗੁਰੂਦੇਵ ਨੂੰ ਮਿਲਣ ਗੁਰੂ-ਘਰ (ਸਾਂਝੀ ਥਾਂ) ਤੇ ਆਏ ਹੋ ਤਾਂ ਉਨ੍ਹਾਂ ਦੇ ਸਨਮੁੱਖ ਹੋਣ ਵੇਲੇ ਕੀ ਕਹੋਗੇ ਕਿ ਮੈਂ ਤੇਰਾ ਬੇਟਾ ਆਪਣੀ ਪਗੜੀ ਭਾਵ ਤਾਜ ਘਰ ਹੀ ਛੱਡ ਆਇਆ ਹਾਂ ਅਤੇ ਮੈਂ ਆਪਣਾ ਨਿਆਰਾਪਣ ਵੀ ਸੰਭਾਲ ਨਹੀਂ ਸਕਦਾ ਹਾਂ, ਨਾ ਹੀ ਸਾਬਤ-ਸੂਰਤ ਹਾਂ ਆਦਿ। ਕੀ ਤੁਹਾਨੂੰ ਗੁਰੂਦੇਵ ਸਵੀਕਾਰ ਕਰਨਗੇ? ਤੁਹਾਨੂੰ ਆਸ ਹੈ ਕਿ ਤੁਸੀਂ ਉਨ੍ਹਾਂ ਦੀ ਪ੍ਰਸੰਨਤਾ ਦੇ ਪਾਤਰ ਬਣ ਸਕਦੇ ਹੋ?

ਧਿਆਨ ਰਹੇ, ਗੁਰੂਹੁਕਮ ਹੈ:-

"ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥"

ਆਸਾ ਮਹਲਾ-2 ਅੰਗ 474

ਭਾਵ: ਇਕ ਪਾਸੇ ਤਾਂ ਤੁਸੀਂ ਗੁਰੂਦੇਵ ਜੀ ਦੀ ਕ੍ਰਿਪਾ ਦੇ ਪਾਤਰ ਬਣਨ ਦੇ ਲਈ ਉਨ੍ਹਾਂ ਦੇ ਸਾਹਮਣੇ ਸਿਰ ਝੁਕਾਉਂਦੇ ਹੋ ਅਤੇ ਦੂਜੇ ਪਾਸੇ ਉਨ੍ਹਾਂ ਦੇ ਆਦੇਸ਼ ਦੇ ਵਿਰੁੱਧ ਪਗੜੀ ਨਾ ਬੰਨ੍ਹ ਕੇ ਅਪਰਾਧ ਕਰਦੇ ਹੋ ਫਿਰ ਤੁਹਾਨੂੰ ਗੁਰੂਦੀ ਆਸੀਸ ਕਿਵੇਂ ਤੇ ਕਿਥੋਂ ਪ੍ਰਾਪਤ ਹੋਵੇਗੀ?

ਇਕ ਦਿਨ ਮੈਂ ਸਥਾਨਕ ਸੀ.ਐਸ.ਡੀ. ਕਨਟੀਨ ਵਿਚ ਕੁਝ ਘਰੇਲੂਸਮਾਨ ਲੈਣ ਪਹੁੰਚਿਆ। ਉਸੀ ਸਮੇਂ ਇਕ ਕਾਰ ਵਿਚੋਂ ਮੇਰੇ ਸਾਹਮਣੇ ਇਕ ਬਿਰਧ ਸਿੱਖ ਅਤੇ ਉਸ ਦਾ ਪੁੱਤਰ ਉਤਰਿਆ। ਉਸ ਬਿਰਧ ਨੇ ਮੈਨੂੰ ਫਤਹਿ ਬੁਲਾਈ, ਮੈਂ ਵੀ ਫਤਹਿ ਬੁਲਾ ਕੇ ਉੱਤਰ ਦਿੱਤਾ ਪਰ ਅਸੀਂ ਇਕ ਦੂਜੇ ਨੂੰ ਜਾਣਦੇ ਨਹੀਂ ਸੀ। ਅਸਲ ਵਿਚ ਉਹ ਬਿਰਧ ਵੀ ਮੇਰੀ ਤਰ੍ਹਾਂ ਦਾੜ੍ਹੀ ਪ੍ਰਕਾਸ਼ਮਾਨ ਰੱਖਣ ਦੇ ਕਾਰਣ ਮੇਰੀ ਤਰਫ ਮਿੱਤਰਤਾ ਦਾ ਹੱਥ ਵਧਾ ਰਹੇ ਸਨ। ਇਸ ਲਈ ਮੈਂ ਉਨ੍ਹਾਂ ਦੇ ਬੇਟੇ ਨੂੰ ਬਹੁਤ ਪਿਆਰ ਨਾਲ ਬੁਲਾਇਆ ਜੋ ਕਿ ਮੇਜਰ ਰੈਂਕ ਦਾ ਅਫਸਰ ਸੀ ਪਰ ਉਸ ਨੇ ਆਪਣੇ ਪਿਤਾ ਦੇ ਵਿਪਰੀਤ ਗੁਰਮਤਿ ਵਿਰੋਧੀ ਕਰਮ ਕੀਤੇ ਹੋਏ ਸਨ। ਉਸ ਨੇ ਬਾਂਦਰ ਟੋਪੀ ਪਾਈ ਹੋਈ ਸੀ। ਇਸ

ਲਈ ਉਹ ਆਪਣੇ ਪਿਤਾ ਦੀ ਤੁਲਨਾ ਵਿਚ ਤੁੱਛ ਦਿਖਾਈ ਦੇ ਰਿਹਾ ਸੀ। ਮੈਂ ਉਸ ਨੂੰ ਹੱਥ ਮਿਲਾਂਦੇ ਹੋਏ ਕਿਹਾ- ਬੇਟਾ ਜੀ ! ਤੁਸਾਂ ਪਗੜੀ ਕਿਉਂ ਨਹੀਂ ਬੰਨ੍ਹੀ? ਇਹ ਸੁਣ ਕੇ ਉਸ ਉੱਤਰ ਦਿੱਤਾ – ਸਿੱਖੀ ਤਾਂ ਮਨ ਵਿਚ ਹੋਣੀ ਚਾਹੀਦੀ ਹੈ, ਇਨ੍ਹਾਂ ਗੱਲਾਂ ਨਾਲ ਕੀ ਹੁੰਦਾ ਹੈ? ਇਹ ਸੁਣ ਕੇ ਮੈਂ ਕਿਹਾ, ਜੇਕਰ ਆਪ ਦੇ ਹਿਰਦੇ ਵਿੱਚ ਸਿੱਖੀ ਹੁੰਦੀ ਤਾਂ ਉਹ ਜਰੂਰ ਹੀ ਤੇਰੇ ਚਿਹਰੇ ਤੋਂ ਝਲਕਦੀ ਜਿਸ ਤਰ੍ਹਾਂ ਤੁਹਾਡੇ ਪਿਤਾ ਜੀ ਦੇ ਚਿਹਰੇ ਤੇ ਨੂਰ ਝਲਕ ਰਿਹਾ ਹੈ। ਉਹ ਪੂਰਣ ਰੂਪ ਵਿਚ ਗੁਰੂ ਦੇ ਲਾਲ ਦ੍ਰਿਸ਼ਟਮਾਨ ਹੋ ਰਹੇ ਹਨ। ਦੂਜੀ ਗੱਲ ਇਹ ਹੈ ਕਿ ਤੁਸੀਂ ਇਕ ਚੰਗੇ ਸੈਨਿਕ ਹੋ। ਜੇਕਰ ਆਪ ਜੀ ਇਹ ਮਨ ਲਓ ਕਿ ਮੈਂ ਇਕ ਕੁਸ਼ਲ ਸੈਨਾਨਾਇਕ ਹਾਂ ਇਸ ਲਈ ਮੇਰੇ ਮਨ ਵਿਚ ਸੈਨਾ ਦੇ ਪ੍ਰਤੀ ਬਹੁਤ ਸਮਰਪਣ (ਨਿਸ਼ਠਾ) ਹੈ। ਹੁਣ ਮੇਰੇ ਲਈ ਵਰਦੀ ਪਹਿਨਣ ਦਾ ਕੋਈ ਬੰਧਨ ਨਹੀਂ ਹੋਣਾ ਚਾਹੀਦਾ। ਕੀ ਇਸ ਪ੍ਰਕਾਰ ਆਪ ਫੌਜ ਵਿਚ ਸਵਿਕਾਰ ਕੀਤੇ ਜਾ ਸਕਦੇ ਹੋ? ਕਦਾਚਿਤ ਨਹੀਂ ! ਉੱਥੇ ਤਾਂ ਅਧੂਰੀ ਵਰਦੀ ਤੇ ਤੁਰੰਤ ਚਾਰਜਸ਼ੀਟ ਬਣਾ ਦਿੱਤੀ ਜਾਂਦੀ ਹੈ। ਤੀਜੀ ਗੱਲ – ਖਾਲਸਾ ਪੰਥ ਦੇ ਸੰਸਥਾਪਕ ਸ਼੍ਰੀ ਗੁਰੂਗੋਬਿੰਦ ਸਿੰਘ ਜੀ ਪੂਰਣ ਗੁਰੂਸਨ। ਉਨ੍ਹਾਂ ਨੇ ਤਾਂ ਕਦੀ ਵੀ ਨਹੀਂ ਆਖਿਆ ਕਿ ਮੇਰੇ ਹਿਰਦੇ ਵਿਚ ਸਿੱਖੀ ਵਸੀ ਹੋਈ ਹੈ ਇਸ ਲਈ ਜਨ-ਸਾਧਾਰਣ ਦੀ ਤਰ੍ਹਾਂ ਮੈਨੂੰ ਅਮ੍ਰਿਤ ਧਾਰਣ ਕਰਨ ਦੀ ਕੋਈ ਲੋੜ ਨਹੀਂ। ਸਾਰਾ ਮਨੁੱਖੀ ਸਮਾਜ ਜਾਣਦਾ ਹੈ ਕਿ ਉਨ੍ਹਾਂ ਨੇ ਪੰਜ ਪਿਆਰਿਆਂ ਪਾਸੋਂ ਗੁਰੂਦੀਖਿਆ, ਅਮ੍ਰਿਤ ਧਾਰਣ ਕਰਣ ਦੇ ਰੂਪ ਵਿਚ ਲਈ।

ਮੇਰੀ ਗੱਲ ਦੀ ਹਾਮੀ ਵਿਚ ਉਸ ਦੇ ਪਿਤਾ ਨੇ ਕਿਹਾ, ਬੇਟਾ ਜੀ ! ਜਿਥੇ ਹਿਰਦੇ ਵਿਚ ਸ਼ਰਧਾ ਹੈ ਉਥੇ ਪੰਜ ਕਕਾਰੀ ਵਰਦੀ ਦੀ ਅਤਿ ਜਰੂਰਤ ਹੈ। ਜਿਸ ਤਰ੍ਹਾਂ ਕਿ ਅੱਛੇ ਫੌਜੀ ਲਈ ਸੰਪੂਰਣ ਵਰਦੀ। ਕਿਉਂਕਿ ਅਸੀਂ "ਅਕਾਲ ਪੁਰਖ ਦੀ ਫੌਜ ਹਾਂ।"

ਸਾਰੇ ਸ਼ੁੱਭ ਕੰਮਾਂ ਦੇ ਸੰਸਕਾਰ ਅਗਲੀ ਪੀੜ੍ਹੀ ਨੂੰ ਦੇਣ ਲਈ ਵੱਡੇ-ਵਡੇਰੇ ਬਜ਼ੁਰਗ ਲੋਕ ਤਾਕਤ ਦਾ ਇਸਤੇਮਾਲ ਕਰਦੇ ਦੇਖੇ ਜਾ ਸਕਦੇ ਹਨ। ਮੈਨੂੰ ਇਹ ਸਾਰੇ ਸੰਸਕਾਰ ਆਪਣੇ ਮਾਪਿਆਂ ਤੋਂ ਮਿਲੇ ਹਨ। ਜਦ ਮੈਂ ਕਿਸ਼ੋਰ ਉਮਰ ਦਾ ਸਾਂ ਤਾਂ ਮੈਨੂੰ ਮੇਰੀ ਮਾਂ ਤਦ ਤੱਕ ਨਾਸ਼ਤਾ ਨਹੀਂ

ਦੇਂਦੀ ਸੀ ਜਦ ਤੱਕ ਮੈਂ ਨਿਤਨੇਮ (ਪਾਠ) ਨਾ ਕਰ ਲਵਾਂ। ਮੇਰੇ ਪਿਤਾ ਜੀ ਮੈਨੂੰ ਸੂਰਜ ਨਿਕਲਣ ਤੋਂ ਪਹਿਲਾਂ ਹੀ ਉਠਾ ਦੇਂਦੇ ਸਨ। ਜੇਕਰ ਮੈਂ ਕਦੀ ਸਰਦੀ ਦੇ ਕਾਰਣ ਆਲਸ ਕਰਦਾ ਤਾਂ ਉਹ ਮੇਰੀ ਰਜ਼ਾਈ ਉਤਾਰ ਕੇ ਸੰਭਾਲ ਦੇਂਦੇ ਸਨ। ਉਨ੍ਹਾਂ ਦੀ ਉਸ ਸਮੇਂ ਦੀ ਕੀਤੀ ਗਈ ਸਖ਼ਤੀ ਅੱਜ ਸਾਨੂੰ ਸ਼ੁਭ ਸੰਸਕਾਰ ਪ੍ਰਾਪਤ ਕਰਨ ਵਿੱਚ ਬਹੁਤ ਸਹਾਇਕ ਸਾਬਿਤ ਹੋਏ ਹਨ।

ਜਿਹੜੇ ਮਾਪੇ ਮਮਤਾ ਕਾਰਣ ਐਸਾ ਸੋਚਦੇ ਰਹਿੰਦੇ ਹਨ ਕਿ ਬੱਚੇ ਅਜੇ ਛੋਟੇ ਹਨ ਸਮਾਂ ਆਉਣ ਤੇ ਆਪਣੇ ਆਪ ਸਭ ਕੁਝ ਸਿਖ ਜਾਣਗੇ। ਉਨ੍ਹਾਂ ਦਾ ਸੋਚਣਾ ਸਦਾ ਹੀ ਗਲ੍ਹਤ ਸਿੱਧ ਹੁੰਦਾ ਹੈ, ਕਿਉਂਕਿ ਵੱਡੇ ਹੋਣ ਤੇ ਬੱਚੇ ਉਹ ਸੰਸਕਾਰ ਲੈਣ ਤੋਂ ਇਨਕਾਰੀ ਹੋ ਜਾਂਦੇ ਹਨ ਅਤੇ ਕਈ ਪ੍ਰਕਾਰ ਦੇ ਬਹਾਨੇਬਾਜ਼ੀ ਕਰਕੇ ਮਾਪਿਆਂ ਤੋਂ ਬਾਗੀ ਹੋ ਜਾਂਦੇ ਹਨ।

ਪ੍ਰਚਾਰਕ: ਇੱਕ ਹੋਰ ਅੱਧਖੜ੍ਹ ਉਮਰ ਦੇ ਸਿੱਖ ਵਿਅਕਤੀ ਤੋਂ: ਤੁਹਾਡੀ ਉਮਰ ਵੀ ਕਾਫ਼ੀ ਹੈ ਅਤੇ ਤੁਸੀਂ ਸ਼ਰਧਾਲੂ ਵੀ ਲੱਗਦੇ ਹੋ। ਤੁਸੀਂ ਪਗੜੀ ਕਿਉਂ ਨਹੀਂ ਬੰਨ੍ਹੀ?

ਅੱਧਖੜ੍ਹ ਉਮਰ ਦਾ ਵਿਅਕਤੀ: ਬੱਸ ਉਂਝ ਹੀ ਨਹੀਂ ਬੰਨ੍ਹਦਾ। ਜਦੋਂ ਮੇਰਾ ਇਸ ਟੋਪੀ ਨੁਮਾ ਪਗੜੀ ਨਾਲ ਕੰਮ ਚਲ ਜਾਂਦਾ ਹੈ ਤਾਂ ਮੈਂ ਪਗੜੀ ਬੰਨ੍ਹਣ ਦਾ ਕਸ਼ਟ ਕਿਉਂ ਕਰਾਂ? ਇਸ ਵਿਚ ਹਰਜ਼ ਵੀ ਕੀ ਹੈ? ਜਿੰਨੇ ਸਮੇਂ ਵਿਚ ਮੈਂ ਪਗੜੀ ਬੰਨ੍ਹਾਂਗਾ, ਉਨੇ ਸਮੇਂ ਵਿਚ ਮੈਂ ਲੱਖ ਰੁਪਏ ਦੀ ਵਿਕਰੀ ਕਰ ਲੈਂਦਾ ਹਾਂ।

ਪ੍ਰਚਾਰਕ: ਬੜੇ ਹੀ ਸ਼ਰਮ ਦੀ ਗੱਲ ਹੈ। ਤੁਸੀਂ ਗੁਰੂ ਦੇ ਸਿੱਖ ਹੋ ਹੀ ਨਹੀਂ ਸਕਦੇ। ਜਿਹੜਾ ਵਿਅਕਤੀ ਗੁਰੂ ਜੀ ਦੇ ਮੁੱਖ ਉਪਦੇਸ਼ਾਂ ਨੂੰ ਵੀ ਤਾਕ ਤੇ ਰੱਖ ਕੇ ਧਨ ਦੇ ਪਿੱਛੇ ਭੱਜਦਾ ਫਿਰਦਾ ਹੈ, ਉਹ ਗੁਰੂ ਦਾ ਸਿੱਖ ਨਹੀਂ ਹੋ ਸਕਦਾ। ਗੁਰੂ ਨੂੰ ਤੁਹਾਡਾ ਧਨ ਨਹੀਂ ਚਾਹੀਦਾ, ਉਨ੍ਹਾਂ ਨੂੰ ਤਾਂ ਤੁਹਾਡਾ ਮਨ ਚਾਹੀਦਾ ਹੈ। ਗੁਰੂਦੇਵ ਨੂੰ ਤਾਂ ਉਹ ਸਿੱਖ ਪਿਆਰਾ ਹੈ, ਜੋ ਲੱਖਾਂ ਵਿਚ ਆਪਣੇ ਨਿਆਰੇ ਸਰੂਪ ਵਿਚ ਪਛਾਣਿਆ ਜਾਵੇ ਅਤੇ ਉਹ ਆਪਣੇ ਸੀਨੇ ਤੇ ਹੱਥ ਰੱਖ ਕੇ ਕਹਿ ਸਕੇ ਕਿ ਮੈਂ ਗੁਰੂ ਦਾ ਲਾਲ ਹਾਂ। ਮੈਂ ਉਨ੍ਹਾਂ ਦੇ ਇੱਕ ਇਸ਼ਾਰੇ ਤੇ ਆਪਣਾ ਤਨ-ਮਨ-ਧਨ ਨਿਛਾਵਰ ਕਰ ਸਕਦਾ ਹਾਂ। ਅਜਿਹਾ

ਸਿੱਖ ਜੋ ਪਗੜੀ ਬੰਨ੍ਹਣ ਵਿਚ ਵੀ ਪਾਖੰਡ ਕਰਦਾ ਹੈ, ਉਸ ਨੂੰ ਗੁਰੂਦੇਵ ਕਦੇ ਵੀ ਸਵੀਕਾਰ ਨਹੀਂ ਕਰ ਸਕਦੇ।

ਸਥਾਨਕ ਕਮੇਟੀ ਦਾ ਇੱਕ ਮੈਂਬਰ: ਕ੍ਰਿਪਾ ਕਰਕੇ ਤੁਸੀਂ ਕਿਸੇ ਤੇ ਵੀ ਜ਼ੋਰ ਨਾ ਪਾਓ ਅਤੇ ਸਖ਼ਤ ਸ਼ਬਦਾਂ ਦੀ ਵਰਤੋਂ ਵੀ ਨਾ ਕਰੋ।

ਪ੍ਰਚਾਰਕ: ਤੁਹਾਡੇ ਕਥਨ ਅਨੁਸਾਰ ਤਾਂ ਦੇਸ਼ ਵਿਚ ਪੁਲਿਸ ਬਲ (Force) ਹੋਣੀ ਹੀ ਨਹੀਂ ਚਾਹੀਦੀ ਅਤੇ ਅਧਿਆਪਕਾਂ ਨੂੰ ਵਿਦਿਆਰਥੀ ਨੂੰ ਡਾਂਟਣਾ ਅਤੇ ਤਾੜਨਾ ਵੀ ਨਹੀਂ ਕਰਨੀ ਚਾਹੀਦੀ। ਜੇ ਅਜਿਹਾ ਹੋ ਸਕਦਾ ਤਾਂ ਇਹ ਧਰਤੀ ਸਵਰਗ ਬਣ ਜਾਂਦੀ। ਪਰ ਸਾਰੇ ਤੁਹਾਡੇ ਵਿਚਾਰਾਂ ਅਨੁਸਾਰ ਆਗਿਆ ਦਾ ਪਾਲਣ ਕਰਨ ਵਾਲੇ ਨਹੀਂ ਹੁੰਦੇ। ਕਈਆਂ ਨਾਲ ਸਖ਼ਤੀ ਨਾਲ ਪੇਸ਼ ਆਉਣਾ ਹੀ ਪੈਂਦਾ ਹੈ। ਕੁਝ ਅਜਿਹੇ ਕੰਮ ਵੀ ਹੁੰਦੇ ਹਨ ਜਿਨ੍ਹਾਂ ਨੂੰ ਪਹਿਲਾਂ-ਪਹਿਲਾਂ ਜ਼ਬਰਦਸਤੀ ਲਾਗੂ ਕਰਵਾਉਣਾ ਪੈਂਦਾ ਹੈ, ਬਾਅਦ ਵਿਚ ਉਹ ਸੰਸਕਾਰਾਂ ਵਿਚ ਸ਼ਾਮਲ ਹੋ ਜਾਂਦੇ ਹਨ। ਇਸ ਲਈ ਲੋਕ ਕਹਾਵਤ ਹੈ, "ਹਕੂਮਤ ਗਰਮੀ ਦੀ ਦੁਕਾਨਦਾਰੀ ਨਰਮੀ ਦੀ, ਨੌਕਰੀ ਬੇਸ਼ਰਮੀ ਦੀ।" ਜੋ ਅਜਿਹਾ ਕਰਦੇ ਹਨ, ਉਹੀ ਸਫ਼ਲ ਹੁੰਦੇ ਹਨ।

ਪ੍ਰਚਾਰਕ: ਇਕ ਹੋਰ ਅੱਧਖੜ੍ਹ ਉਮਰ ਦੇ ਵਿਅਕਤੀ ਤੋਂ: ਤੁਹਾਡੀ ਉਮਰ ਵੀ ਕਾਫੀ ਲੱਗਦੀ ਹੈ ਅਤੇ ਤੁਸੀਂ ਸ਼ਰਧਾਲੂ ਵੀ ਲੱਗਦੇ ਹੋ, ਤੁਸੀਂ ਪਗੜੀ ਕਿਉਂ ਨਹੀਂ ਬੰਨ੍ਹੀ?

ਅੱਧਖੜ੍ਹ ਉਮਰ ਦਾ ਸਿੱਖ ਵਿਅਕਤੀ: ਮੇਰੇ ਸਿਰ ਵਿਚ ਦਰਦ ਰਹਿੰਦਾ ਹੈ, ਇਸ ਲਈ ਮੈਂ ਪਗੜੀ ਨਹੀਂ ਬੰਨ੍ਹ ਸਕਦਾ।

ਪ੍ਰਚਾਰਕ: ਕੀ ਤੁਸੀਂ ਆਪਣੇ ਸਿਰ-ਦਰਦ ਦਾ ਇਲਾਜ ਕਰਵਾਇਆ ਹੈ?

ਉਹ ਵਿਅਕਤੀ: ਮੈਂ ਕੋਈ ਵੈਦ, ਡਾਕਟਰ ਨਹੀਂ ਛੱਡਿਆ, ਬਹੁਤ ਲੋਕਾਂ ਤੋਂ ਇਲਾਜ ਕਰਵਾਇਆ ਹੈ ਪਰ ਦਰਦ ਜਿਉਂ ਦਾ ਤਿਉਂ ਹਲਕਾ-ਹਲਕਾ ਸਦਾ ਹੀ ਹੁੰਦਾ ਰਹਿੰਦਾ ਹੈ।

ਪ੍ਰਚਾਰਕ: ਤੁਹਾਡੀ ਗੱਲ ਵਿਚ ਕਿੰਨੀ ਸੱਚਾਈ ਹੈ, ਇਹ ਤਾਂ ਰੱਬ ਹੀ ਜਾਣਦਾ ਹੈ। ਜੇ ਸੱਚਮੁੱਚ ਸਿਰ-ਦਰਦ ਹੈ ਅਤੇ ਹਟਦਾ ਨਹੀਂ ਤਾਂ ਮੈਂ ਤੁਹਾਨੂੰ ਇੱਕ ਸ਼ਰਤੀਆ ਇਲਾਜ ਦੱਸਦਾ ਹਾਂ, ਜਿਸ ਦੀ ਵਰਤੋਂ ਨਾਲ ਤੁਹਾਡਾ ਸਿਰ-ਦਰਦ ਹੌਲੀ-ਹੌਲੀ ਸਦਾ ਦੇ ਲਈ ਬਿਲਕੁਲ ਠੀਕ ਹੋ ਜਾਵੇਗਾ। ਤੁਸੀਂ ਸਵੇਰੇ ਅੰਮ੍ਰਿਤ ਵੇਲੇ 100 ਗ੍ਰਾਮ ਜਲੇਬੀ ਇੱਕ ਗਲਾਸ ਵਿਚ ਪਾ ਕੇ ਉਸਦੇ ਉੱਪਰ ਉਬਲਦਾ ਹੋਇਆ ਦੁੱਧ ਪਾ ਕੇ ਢੱਕ ਦਿਉ, ਦਸ ਮਿੰਟ ਬਾਅਦ ਉਸ ਦਾ ਸੇਵਨ ਕਰੋ। ਇਹ ਕਿਰਿਆ ਹਰ ਰੋਜ਼ ਕਰਨ ਨਾਲ ਤੁਹਾਡਾ ਸਿਰ ਦਰਦ ਸਦਾ ਲਈ ਬਿਲਕੁਲ ਠੀਕ ਹੋ ਜਾਵੇਗਾ।

ਪ੍ਰਚਾਰਕ: ਇੱਕ ਹੋਰ ਅੱਧਖੜ੍ਹ ਵਿਅਕਤੀ ਨੂੰ: ਸਿੰਘ ਜੀ! ਤੁਸੀਂ ਪਗੜੀ ਕਿਉਂ ਨਹੀਂ ਬੰਨ੍ਹੀ? ਕੇਵਲ ਛੋਟੀ ਜਿਹੀ ਕੇਸ਼ਕੀ ਬੰਨ੍ਹ ਕੇ ਤੁਸੀਂ ਪਰਿਵਾਰ ਸਹਿਤ ਇਥੇ ਪਧਾਰੇ ਹੋਏ ਹੋ।

ਵਿਅਕਤੀ: ਝਿਜਕਦੇ ਹੋਏ, ਗਿਆਨੀ ਜੀ! ਮੈਂ ਅੱਜ ਤੱਕ ਕਦੇ ਪਗੜੀ ਬੰਨ੍ਹੀ ਹੀ ਨਹੀਂ ਕਿਉਂਕਿ ਪਗੜੀ ਬੰਨ੍ਹਣਾ ਮੈਨੂੰ ਕਿਸੇ ਨੇ ਸਿਖਾਇਆ ਹੀ ਨਹੀਂ। ਹੁਣ ਮੈਨੂੰ ਇਸੇ ਤਰ੍ਹਾਂ ਰਹਿਣ ਦੀ ਆਦਤ ਪੈ ਗਈ ਹੈ।

ਪ੍ਰਚਾਰਕ: ਮਾਤਾ-ਪਿਤਾ ਬੱਚਿਆਂ ਦੇ ਲਈ ਪ੍ਰੇਰਨਾ-ਸਰੋਤ ਹੁੰਦੇ ਹਨ। ਜਦੋਂ ਤੁਸੀਂ ਹੀ ਪਗੜੀ ਨਹੀਂ ਬੰਨ੍ਹਦੇ ਤਾਂ ਤੁਹਾਡੇ ਬੇਟਿਆਂ ਨੇ ਕਿਸ ਤੋਂ ਪ੍ਰੇਰਨਾ ਲੈ ਕੇ ਪਗੜੀ ਬੰਨ੍ਹਣੀ ਹੈ। ਕੀ ਤੁਸੀਂ ਆਪਣੇ ਘਰ ਤੋਂ ਸਿੱਖੀ ਨੂੰ ਅਲਵਿਦਾ ਕਹਿਣਾ ਚਾਹੁੰਦੇ ਹੋ?

ਵਿਅਕਤੀ: ਨਹੀਂ ਗਿਆਨੀ ਜੀ! ਮੈਂ ਇੱਕ ਸ਼ਰਧਾਵਾਨ ਸਿੱਖ ਹਾਂ, ਮੈਂ ਚਾਹੁੰਦਾ ਹਾਂ ਕਿ ਮੇਰੇ ਘਰ ਵਿਚ ਰਹਿੰਦੀ ਦੁਨੀਆ ਤੱਕ ਸਿੱਖੀ ਸਦਾ ਬਣੀ ਰਹੇ।

ਪ੍ਰਚਾਰਕ: ਤੁਸੀਂ ਜੋ ਚਾਹੁੰਦੇ ਹੋ ਉਸ ਦੀ ਪ੍ਰਾਪਤੀ ਦੇ ਲਈ ਵੀ ਤਾਂ ਪ੍ਰਯਤਨਸ਼ੀਲ ਹੋਣਾ ਚਾਹੀਦਾ ਹੈ। ਤੁਹਾਨੂੰ ਅੰਮ੍ਰਿਤਸਰ (ਭਗਵਾਨਪੁਰਾ) ਤੋਂ ਤਾਂ ਕੋਈ ਵਿਅਕਤੀ ਪਗੜੀ ਬੰਨ੍ਹਣ ਦਾ ਅਭਿਆਸ ਕਰਵਾਉਣ ਲਈ ਨਹੀਂ ਆਉਣ ਵਾਲਾ। ਇਹ ਕੰਮ ਤਾਂ ਤੁਹਾਨੂੰ ਖੁਦ ਹੀ ਕਰਨਾ ਪਵੇਗਾ। ਜਿਹੜੇ

ਲੋਕ ਵਧੀਆ ਪਗੜੀ ਬੰਨ੍ਹਦੇ ਹਨ, ਉਨ੍ਹਾਂ ਨੂੰ ਪਗੜੀ ਬੰਨ੍ਹਦਿਆਂ ਵੇਖੋ ਅਤੇ ਫਿਰ ਉਨ੍ਹਾਂ ਦੀ ਸਹਾਇਤਾ ਪ੍ਰਾਪਤ ਕਰਕੇ ਖੁਦ ਹਰ ਰੋਜ਼ ਪਗੜੀ ਬੰਨ੍ਹਣ ਦਾ ਅਭਿਆਸ ਕਰੋ। ਅਜਿਹਾ ਕੋਈ ਕਾਰਣ ਨਹੀਂ, ਜਿਹੜਾ ਤੁਹਾਡੀ ਸਫ਼ਲਤਾ ਵਿਚ ਰੁਕਾਵਟ ਬਣੇ। ਬਸ ਸ਼ਰਤ ਇਹੀ ਹੈ ਕਿ ਤੁਹਾਡੀ ਇੱਛਾ ਸ਼ਕਤੀ ਜਾਗਰਿਤ ਹੋਣੀ ਚਾਹੀਦੀ ਹੈ। ਇਸ ਸਮੇਂ ਤੁਹਾਡੀ ਸੁਪਤਨੀ (ਸਿੰਘਣੀ) ਕਿੱਥੇ ਹੈ? ਉਨ੍ਹਾਂ ਨੂੰ ਇੱਥੇ ਬੁਲਾਓ।

**ਸਿੰਘ:** ਕਮਰੇ ਤੋਂ ਬਾਹਰ ਆਰਾਮ ਕਰ ਰਹੀ ਹੈ, ਹੁਣੇ ਬੁਲਾ ਕੇ ਲਿਆਉਂਦਾ ਹਾਂ।

**ਸਿੰਘਣੀ:** ਜੀ ਦੱਸੋ-ਤੁਸੀਂ ਮੈਨੂੰ ਕੁਝ ਕਹਿਣਾ ਚਾਹੁੰਦੇ ਹੋ?

**ਪ੍ਰਚਾਰਕ:** ਜੇ ਤੁਸੀਂ ਚਾਹੋ ਤਾਂ ਕੀ ਨਹੀਂ ਹੋ ਸਕਦਾ। ਤੁਹਾਡਾ ਅਧਿਕਾਰ ਖੇਤਰ ਬਹੁਤ ਵੱਡਾ ਹੈ। ਤੁਸੀਂ ਸਿੰਘ ਜੀ ਨੂੰ ਸਵੇਰੇ ਤੜਕੇ ਹੀ ਪਗੜੀ ਦੇ ਕੇ, ਬੰਨ੍ਹਣ ਦਾ ਅਭਿਆਸ ਕਰਨ ਲਈ ਪ੍ਰੇਰਿਤ ਕਰੋ ਅਤੇ ਹਰ ਵੇਲੇ ਉਨ੍ਹਾਂ ਨੂੰ ਅਹਿਸਾਸ ਦਿਵਾਓ ਕਿ ਉਹ ਪਗੜੀ ਬਿਨ੍ਹਾਂ ਅਧੂਰੇ ਹਨ। ਉਨ੍ਹਾਂ ਨੂੰ ਉਤਸ਼ਾਹਿਤ ਕਰੋ ਕਿ ਪਗੜੀ ਉਨ੍ਹਾਂ ਦਾ ਤਾਜ਼ ਹੈ। ਜਦੋਂ ਕਦੇ ਵੀ ਇਕੱਠੇ ਬਾਹਰ ਜਾਣ ਦਾ ਮੌਕਾ ਮਿਲੇ ਜਦੋਂ ਤੱਕ ਸਿੰਘ ਜੀ ਪਗੜੀ ਨਾ ਬੰਨ੍ਹ ਲੈਣ, ਤੁਸੀਂ ਉਨ੍ਹਾਂ ਦੇ ਨਾਲ ਬਾਹਰ ਨਾ ਜਾਓ। ਤੁਹਾਡਾ ਦਬਾਵ ਹੀ ਸਫ਼ਲਤਾ ਦੀ ਕੁੰਜੀ ਬਣ ਜਾਵੇਗੀ।

**ਪ੍ਰਚਾਰਕ:** ਇੱਕ ਹੋਰ ਨੌਜੁਆਨ ਨੂੰ .....ਤੁਸੀਂ ਪਗੜੀ ਕਿਉਂ ਨਹੀਂ ਬੰਨ੍ਹੀ?

**ਨੌਜੁਆਨ:** ਬਸ ਵੈਸੇ ਹੀ....ਨਹੀਂ ਬੰਨ੍ਹਦਾ।

**ਪ੍ਰਚਾਰਕ:** ਤੁਹਾਨੂੰ ਪਗੜੀ ਬੰਨ੍ਹਣ ਲਈ ਕੋਈ ਲਾਇਸੈਂਸ ਚਾਹੀਦਾ ਹੈ ਜਾਂ ਕਿਸੇ ਬ੍ਰਾਹਮਣ ਤੋਂ ਮਹੂਰਤ ਕਢਵਾਉਣਾ ਹੈ। ਕਿਸ ਦੀ ਉਡੀਕ ਕਰ ਰਹੇ ਹੋ? ਜੇ ਸਿੱਖ ਯੁਵਕ ਪਗੜੀ ਨਹੀਂ ਬੰਨ੍ਹਣਗੇ ਤਾਂ ਫਿਰ ਕੀ ਮੁਸਲਿਮ (ਤਾਲੀਬਾਨ) ਲੋਕ ਪਗੜੀ ਬੰਨ੍ਹਣਗੇ? ਹੁਣ ਤੁਸੀਂ ਭਰ ਜਵਾਨੀ ਵਿਚ ਹੋ। ਤੁਸੀਂ ਦੁੱਧ ਪੀਂਦੇ ਬੱਚੇ ਤਾਂ ਹੋ ਨਹੀਂ ਜਿਨ੍ਹਾਂ ਨੂੰ ਇਹ ਦੱਸਿਆ ਜਾਵੇ ਕਿ ਹਰ ਇਕ ਸਿੱਖ ਵਿਅਕਤੀ

ਨੂੰ ਘਰ ਤੋਂ ਬਾਹਰ ਨਿਕਲਣ ਵੇਲੇ ਪਗੜੀ ਬੰਨ੍ਹਣਾ ਜ਼ਰੂਰੀ ਹੈ। ਇਹ ਹੁਕਮ ਗੁਰੂਦੇਵ ਦਾ ਹੈ। ਇਸ ਗੱਲ ਤੇ ਕਿਸੇ ਨੂੰ ਕੋਈ ਇਤਰਾਜ਼ (ਕਿੰਤੂ-ਪਰੰਤੂ) ਕਰਨ ਦਾ ਅਧਿਕਾਰ ਨਹੀਂ ਕਿਉਂਕਿ ਤੁਸੀਂ ਸੰਤ-ਸਿਪਾਹੀ ਹੋ, ਸਿਪਾਹੀ ਦਾ ਸਿਰਫ਼ ਆਗਿਆ ਪਾਲਣ ਵਿਚ ਹੀ ਭਲਾ ਹੈ।

"ਹੁਕਮ ਮੰਨੀਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਿਲ ਪਾਵਸੀ॥"

ਇੱਕ ਹੋਰ ਸਥਾਨਕ ਕਮੇਟੀ ਦੇ ਮੈਂਬਰ: ਕ੍ਰਿਪਾ ਕਰਕੇ ਮਿੱਠੀ ਬੋਲ-ਬਾਣੀ ਦੀ ਹੀ ਵਰਤੋਂ ਕਰੋ ਅਤੇ ਇਹੀ ਕਰਨਾ ਚਾਹੀਦਾ ਹੈ।

ਪ੍ਰਚਾਰਕ: ਕੁਝ ਕੇਸ਼ਾਂ (ਮਾਮਲਿਆਂ/ਮਸਲਿਆਂ) ਵਿਚ ਕੌੜੀ ਦਵਾਈ ਹੀ ਕੰਮ ਕਰਦੀ ਹੈ। ਜਿਨ੍ਹਾਂ ਲੋਕਾਂ ਨੂੰ ਮਲੇਰੀਆ ਬੁਖਾਰ ਹੁੰਦਾ ਹੈ, ਉਨ੍ਹਾਂ ਨੂੰ ਕੁਨੀਨ ਦੇਣੀ ਹੀ ਪੈਂਦੀ ਹੈ। ਅਰਥਾਤ ਕੁਝ ਵਿਅਕਤੀਆਂ ਦੀ ਗੈਰਤ ਨੂੰ ਲਲਕਾਰਣ ਲਈ ਵਿਅੰਗ-ਬਾਣ ਚਲਾਉਣੇ ਜ਼ਰੂਰੀ ਹੋ ਜਾਂਦੇ ਹਨ।

ਇਕ ਯੁਵਕ- ਗਿਆਨੀ ਜੀ, ਤੁਸੀ ਛੋਟੀ ਪਗੜੀ ਦਾ ਵਿਰੋਧ ਕਰਦੇ ਹੋ ਫਿਰ ਤੁਸੀ ਹੀ ਦਸੋਂ ਕਿ ਪਗੜੀ ਦੀ ਲੰਬਾਈ ਕਿਤਨੀ ਹੋਣੀ ਚਾਹੀਦੀ ਹੈ?

ਪ੍ਰਚਾਰਕ- ਬੇਟਾ ਜੀ, ਮੈਂ ਛੋਟੇ ਆਕਾਰ ਦੀ ਪਗੜੀ ਦਾ ਵਿਰੋਧ ਨਹੀਂ ਕਰਦਾ, ਅਸਲ ਵਿੱਚ ਗੱਲ ਸਮਝਣ ਦਾ ਹੈ। ਛੋਟੀ ਪਗੜੀ ਭਾਵ 50% ਪਗੜੀ ਜਾਂ ਕੇਸਕੀ ਇਹ ਪਗੜੀ ਹਰ ਇੱਕ ਸਿੱਖ ਨੂੰ ਘਰ ਵਿੱਚ ਰਹਿੰਦੇ ਜਾਂ ਸੌਣ ਸਮੇਂ ਬੰਨਣੀ (ਸਜਾਣੀ) ਚਾਹੀਦੀ ਹੈ ਕਿਉਂਕਿ ਗੁਰਸਿੱਖ ਨੇ ਕਦੇ ਵੀ ਨੰਗੇ ਸਿਰ ਨਹੀਂ ਰਹਿਣਾ। ਇਹ ਅਮ੍ਰਿਤਧਾਰੀ ਬੀਬੀਆਂ ਜ਼ਰੂਰ ਹੀ ਬੰਨਦੀਆਂ ਹਨ ਕਿਉਂਕਿ ਉਸਨੇ ਕੇਸਕੀ ਦੇ ਉੱਪਰ ਦੁੱਪਟਾ (ਚੁੰਨੀ) ਲੈਣੀ ਹੁੰਦੀ ਹੈ। ਜਿੱਥੋਂ ਤੱਕ ਮਰਦਾਂ ਦਾ ਸੁਆਲ ਹੈ ਕਿ ਪਗੜੀ ਦੀ ਲੰਬਾਈ ਕਿਤਨੀ ਹੋਣੀ ਚਾਹੀਦੀ ਹੈ ਇਸ ਦਾ ਉੱਤਰ ਹੈ:- ਬ੍ਰਿਟਿਸ਼ ਕਾਲਾ ਤੋਂ ਸਿੱਖ ਫੌਜੀਆਂ ਨੂੰ ਦੋ ਪਗੜੀਆਂ ਈਸ਼ੂਹੁੰਦੀਆਂ ਸਨ ਉਹ ਇਕੋ ਸਮੇਂ ਬੰਨਣੀਆਂ ਹੁੰਦੀਆਂ ਹਨ ਦੋਨੋਂ ਦਾ ਰੰਗ ਅਡ-ਅਡ ਹੁੰਦਾ ਹੈ। ਇਹ ਨਾਪ ਸਾਡੀ ਰਹਿਤ ਮਰਿਆਦਾ ਨੂੰ ਮੁੱਖ ਰੱਖ ਕੇ ਰੱਖਿਆ ਗਿਆ

ਹੈ। ਖਾਲਸਾ ਅਕਾਲ ਪੁਰਖ ਕੀ ਫੌਜ ਹੈ। ਇਸ ਲਈ ਸਾਡੇ ਤੇ ਫੌਜੀ ਨਿਯਮ ਲਾਗੂ ਹੁੰਦੇ ਹਨ। ਸੈਨਿਕ ਨਿਯਮਾਵਲੀ ਅਨੁਸਾਰ ਇਕ ਛੋਟੀ ਪਗੜੀ ਜੋ 9 ਇੰਚ ਚੌੜੀ ਅਤੇ 3 ਮੀਟਰ ਲੰਮੀ ਹੁੰਦੀ ਹੈ ਦੂਸਰੀ ਜੋ ਮੁੱਖ ਪਗੜੀ ਹੁੰਦੀ ਹੈ ਉਹ 3' ਫੀਟ) ਚੋੜੀ ਅਤੇ 6 ਮੀਟਰ ਲੰਮੀ ਹੁੰਦੀ ਹੈ। ਇਸੇ ਤਰ੍ਹਾਂ ਸਿਵਿਲ ਵਿੱਚ ਲੋਕ ਪਗੜੀ ਦੀ ਸਟੇਂਡਡ ਲੰਬਾਈ 5 ਮੀਟਰ ਹੀ ਰੱਖਦੇ ਹਨ ਕਿਉਂਕਿ ਜ਼ਿਆਦਾਤਰ ਲੋਕ ਪਗੜੀ ਨੂੰ ਮਾੜ ਲਗਾ ਕੇ ਬੰਨਦੇ ਹਨ। ਇਸ ਤਰ੍ਹਾਂ 5 ਮੀਟਰ ਲੰਬਾਈ ਠੀਕ ਮੰਨੀ ਜਾਂਦੀ ਹੈ। ਅਸਲ ਵਿੱਚ ਪਗੜੀ ਦੀ ਲੰਬਾਈ ਉਤਨੀ ਹੀ ਹੋਣੀ ਚਾਹੀਦੀ ਹੈ ਜੋ ਪਗੜੀ ਹੇਲਮੇਟ ਦਾ ਕੰਮ ਦੇ ਸਕੇ। ਜੋ ਇਸ ਸਮੇਂ ਤੁਸਾਂ ਪਗੜੀ ਬੰਨੀ ਹੈ ਅਸਲ ਵਿੱਚ ਇਹ ਪਰਨਾ ਹੈ। ਇਸਨੂੰ ਫੌਜੀ ਭਾਸ਼ਾ ਵਿੱਚ 50% (ਫਿਫਟੀ-ਪ੍ਰਸੈਂਟ) ਪਗੜੀ ਕਹਿੰਦੇ ਹਨ ਜੋ ਕਿ ਡਿਊਟੀ ਤੋਂ ਮੁਕਤ ਹੋਣ ਸਮੇਂ ਲਾਜ਼ਮੀ ਧਾਰਣ ਕਰਨੀ ਹੁੰਦੀ ਹੈ।

ਪ੍ਰਚਾਰਕ- ਇਕ ਹੋਰ ਜੁਵਾਨ ਨੂੰ ਮੁਖਾਤਬ ਹੁੰਦੇ ਹੋਏ :-ਬੇਟਾ ਜੀ ,ਤਸਾਂ ਵੀ ਪਗੜੀ ਨਹੀਂ ਬੰਨੀ ਕੀ ਕਾਰਣ ਹੈ?

ਯੁਵਕ- ਸਵੇਰੇ ਕਾਲਜ਼ ਜਾਣ ਸਮੇਂ ਬੰਨੀ ਸੀ ਪਰ ਘਰ ਵਾਪਸ ਆਉਣ ਉਪਰੰਤ ਉਤਾਰ ਛੱਡੀ ਹੈ।

ਪ੍ਰਚਾਰਕ- ਕਿਉ?

ਯੁਵਕ- ਪਹਿਲਾਂ ਮੈਨੂੰ ਟਿਊਸ਼ਨ ਪੜਨੇ ਜਾਣਾ ਹੁੰਦਾ ਹੈ ਨਾ ਫਿਰ ਖੇਡਣ ਚਲਾ ਜਾਂਦਾ ਹਾਂ।

ਪ੍ਰਚਾਰਕ-ਟਿਊਸ਼ਨ ਦੇ ਵਕਤ ਪਗੜੀ ਤੇ ਪਾਬੰਦੀ (Ban) ਹੈ ਕੀ?

ਯੁਵਕ- ਨਹੀਂ ਤਾਂ, ਬਸ ਉਦਾਂ ਹੀ ਨਹੀਂ ਬੰਨਦਾ।

ਪ੍ਰਚਾਰਕ- ਪਰ ਕਿਉਂ ਨਹੀਂ ਬੰਨਦਾ ਕਾਰਣ ਦੱਸੋ?

ਯੁਵਕ- ਮੈਂ ਜਿਮ ਜਾਂਦਾ ਹਾਂ ਉਥੇ ਪਗੜੀ ਉਤਰਨੇ ਦਾ ਡਰ ਹੁੰਦਾ ਹੈ ਇਸ ਲਈ ਮੈਂ ਪਟਕਾ ਹੀ ਬੰਨ ਲੈਂਦਾ ਹਾਂ।

**ਪ੍ਰਚਾਰਕ**– ਜੇਕਰ ਤੁਸੀਂ ਸਿੱਖ ਇਤਿਹਾਸ ਪੜਿਆ ਹੋਵੇਂ ਤਾਂ, ਤੁਸਾਂ ਨੂੰ ਪੱਤਾ ਹੋਣਾ ਚਾਹਿਦਾ ਹੈ ਕਿ ਮੁਗ਼ਲ ਕਾਲ (18ਵੀਂ ਸਦੀ) ਵਿੱਚ ਸਿੱਖ ਘੋੜੀਆਂ ਤੇ ਸਵਾਰ ਹੋਕੇ ਸੈਕੜੇ ਮੀਲ ਸਫਰ ਕਰਦੇ ਹੁੰਦੇ ਸਨ ਆਏ ਦਿਨ ਵੱਡੇ–ਵੱਡੇ ਘਮਾਸਾਨਾ ਯੁੱਧਾਂ ਵਿੱਚ ਹਿੱਸਾ ਲੈਂਦੇ ਸਨ, ਤਾਂ ਕਿਸੀ ਸਿੱਖ ਦੀ ਪਗੜੀ ਨਹੀਂ ਉੱਤਰੀ। ਤੇਰੀ ਕਿਉਂ ਉੱਤਰ ਜਾਂਦੀ ਹੈ? ਅੱਜ ਵੀ ਤੇਰੇ ਵਰਗੇ ਸੈਂਕੜੇ ਸਿੱਖ ਨੌਜਆਨ ਗੱਤਕਾ ਦਲ ਦੇ ਮੈਂਬਰ ਹਨ ਅਤੇ ਉਹ ਅਲਗ–ਅਲਗ ਕਿਸਮ (ਡਿਜ਼ਾਇਨਾਂ) ਦੀਆਂ ਪਗੜੀਆਂ ਧਾਰਣ ਕਰਕੇ ਗੱਤਕ ਦੇ ਜੌਹਰ (ਕਰਤਬ) ਦਿਖਾਉਂਦੇ ਹਨ। ਇਹ ਕਰਤਬ ਆਮ ਤੌਰ ਤੇ ਪਬਲਿਕ ਪਲੇਸ ਤੇ ਦਰਸਾਏ ਜਾਂਦੇ ਹਨ। ਉਨ੍ਹਾਂ ਹਮ ਉਮਰ ਸਾਥੀਆਂ ਨੂੰ ਧਿਆਨ ਨਾਲ ਵੇਖੋ, ਉਹ ਆਪਣੀ ਪਗੜੀ ਤੇ ਕਿਤਨਾਂ ਮਾਣ ਕਰਦੇ ਹਨ ਅਤੇ ਇੱਕ ਤੂੰ ਹੈ ਕਿ ਬੱਚਿਆਂ ਦੀ ਤਰ੍ਹਾਂ ਪੱਟਕੇ ਵਿੱਚ ਪਬਲਿਕ ਪਲੇਸ ਤੇ ਘੁੰਮ ਰਿਹਾ ਹਾਂ?

**ਯੁਵਕ**– ਪਗੜੀ ਉਤਾਰ ਕੇ ਮੈਂ ਆਪਣੇ ਆਪ ਨੂੰ ਥੋੜਾ ਜਿਹਾ ਫਰੀ ਮਹਿਸੂਸ ਕਰਦਾ ਹਾਂ

**ਪ੍ਰਚਾਰਕ**– ਬੇਟਾ ਜੀ, ਪਗੜੀ ਤੇਰਾ ਤਾਜ ਹੈ, ਇਸਨੂੰ ਉਤਾਰ ਕੇ ਜਿਥੇ ਤੂੰ ਗੁਰਦੇਵ ਦੇ ਹੁਕਮਾਂ ਦਾ ਉਲੱਘਨ ਕਰ ਰਹੇ ਹੈ ਉਥੇ ਬਦਸੂਰਤ ਵੀ ਦਿਖਾਈ ਦੇ ਰਹੇ ਹੋ– ਤੂੰ ਮਰਦ ਤਾਂ ਦਿਖਦਾ ਹੀ ਨਹੀ, ਬਸ ਨਿੰਪਲ ਨਾਲ ਦੁੱਧੂਪੀਣ ਵਾਲੇ ਬੱਚਿਆਂ ਦੀ ਤਰ੍ਹਾਂ ਭਟਕਦਾ ਰਹਿੰਦਾ ਹੈ। ਇਸ ਤਰ੍ਹਾਂ ਤੈਨੂੰ ਕੌਣ ਮਾਣ– ਸਮਾਨ ਦੇਵੇਗਾ? ਵੈਸੇ ਪਗੜੀ ਤੈਨੂੰ ਸੁਰਖੀਆ ਦੇਂਦੀ ਹੈ ਉਸਨੂੰ ਉਤਾਰ ਕੇ ਤੂੰ ਫਰੀ ਕਿਸਤਰ੍ਹਾਂ ਹੋ ਗਿਆ? ਜੇਕਰ ਤੈਨੂੰ ਪਗੜੀ ਭਾਰ ਮਹਿਸੂਸ ਹੁੰਦੀ ਹੈ ਤਾਂ ਪੈਂਟ ਵੀ ਉਤਾਰ ਲੈ–ਕੱਛੇਰੇ ਵਿੱਚ ਹੋਰ ਫਰੀ ਅਨੁਭਵ ਕਰੇਗਾ।

ਮੈਂ ਹਰ ਐਤਵਾਰ ਨੂੰ ਸਵੇਰੇ ਚੰਡੀਗੜ੍ਹ ਦੇ ਪਿੰਡ ਮਲੋਹਾ ਵਿੱਚ ਕਿਸੀ ਇੱਕ ਗੁਰਦੁਆਰੇ ਪ੍ਰਚਾਰ ਦੇ ਵਿਚਾਰ ਨਾਲ ਜਾਂਦਾ ਹਾਂ। ਇਕ ਦਿਨ ਭਾਈ ਕਨ੍ਹਇਆ ਜੀ ਦੇ ਨਾਂ ਨਾਲ ਪ੍ਰਸਿੱਦ ਗੁਰਦੁਆਰੇ ਵਿੱਚ ਦੀਵਾਨ ਦੀ ਸਮਾਪਤੀ ਤੋਂ ਬਾਦ ਚਾਹ ਦੇ ਲੰਗਰ ਸਮੇਂ ਸਥਾਨਿਕ ਆਂਗਨ ਵਾੜੀ ਵਿੱਚ ਦੋ ਯੁਵਕ ਪੋਲਿਓ ਡਾਪਸ ਬੱਚਿਆਂ ਨੂੰ ਪੀਲਾ ਰਹੇ ਸਨ। ਇਕ ਨੇ ਅਤਿ ਸੁੰਦਰ ਪਗੜੀ ਬੰਨੀ

(ਸਜਾਈ) ਹੋਈ ਸੀ। ਦੂਸਰੇ ਨੇ ਬੰਦਰ ਟੋਪੀ ਸਿਰ ਤੇ ਪਾਈ ਹੋਈ ਸੀ। ਇਹ ਵੇਖ ਕੇ ਮੈਂ ਉਹਨ੍ਹਾਂ ਦੇ ਨੇੜੇ ਗਿਆ ਅਤੇ ਉਸਤੋਂ ਪੁੱਛਿਆ ਬੇਟਾ ਜੀ, ਤੁਸੀਂ ਪਗੜੀ ਕਿਉਂ ਨਹੀਂ ਬੰਨੀ? ਉੱਤਰ ਵਿਚ ਉਸ ਯੁਵਕ ਨੇ ਕਹਿਆ, ਬਸ ਜਲਦੀ-ਜਲਦੀ ਵਿੱਚ ਮੈਂ ਟੋਪੀ ਹੀ ਪਾ ਲੈਂਦਾ ਹਾਂ। ਇਸ ਤੇ ਮੈਂਨੇ ਕਹਿਆ, ਬੇਟਾ ਇੱਥੇ ਕਿਹੜੀ ਭਾਜੜ ਪੈ ਗਈ ਸੀ । ਇਸ ਸਮੇਂ 1● ਵਜੇ ਹਨ ਕੋਈ ਸਵੇਰੇ ਦੇ 6 ਤਾਂ ਨਹੀਂ ਕਿ ਆਪ ਨੂੰ ਸਮਾਂ ਨਹੀਂ ਮਿਲਿਆ। ਤਦ ਮੇਰੀ ਨਿੱਗਾ ਨਾਲ ਬੈਠੇ ਯੁਵਕ ਤੇ ਗਈ ਜਿਸਨੇ ਬੜੀ ਸੋਹਣੀ ਪਗੜੀ ਬੰਨੀ ਹੋਈ ਸੀ ਪਰ ਉਸ ਦਾ ਇੱਕ ਹੱਥ ਕਟਿਆ ਹੋਇਆ ਸੀ। ਮੈਂਨੇ ਉਸ ਕੋਲ ਅਸ਼ਚਰਜਤਾ ਵਿੱਚ ਪੁੱਛਿਆ-ਬੇਟਾ ਜੀ, ਤਹਾਡਾ ਤਾਂ ਇੱਕ ਹੱਥ ਹੀ ਨਹੀਂ ਫਿਰ ਆਪਨੇ ਇਹ ਪਗੜੀ ਕਿਸਤਰ੍ਹਾਂ ਬੰਨੀ ਹੈ। ਉੱਤਰ ਵਿੱਚ ਉਸ ਯੁਵਕ ਨੇ ਆਖਿਆ-ਸਿੰਘ ਜੀ ਬਸ ਮੇਰਾ ਅਭਿਆਸ ਇੰਨਾ ਹੀ ਹੋ ਗਿਆ ਹੈ ਕਿ ਮੈਂ ਇੱਕ ਹੱਥ ਨਾਲ ਹੀ ਸਾਰੇ ਕੰਮ ਕਾਰ ਕਰ ਲੈਂਦਾ ਹਾਂ। ਤਾਂ ਮੈਨੂੰ ਟੋਪੀ ਵਾਲੇ ਯੁਵਕ ਨੂੰ ਸੰਬੋਧਨ ਹੋਕੇ ਕਹਿਆ-ਬੇਟਾ ਜਿਸਨੂੰ ਰੱਬ ਨੇ ਇੱਕ ਹੱਥ ਨਹੀਂ ਦਿੱਤਾ

ਉਹ ਤਾਂ ਪੂਰਣ ਰੂਪ ਵਿੱਚ ਸੁਚੇਤ ਹੈ, ਉਸਨੂੰ ਕੋਈ ਵੀ ਵੇਖ ਕੇ ਗੁਰੂ ਦਾ ਲਾਲ ਕਹਿ ਸਕਦਾ ਹੈ ਪਰ ਇੱਕ ਤੂੰ ਹੈ ਕਿ ਗੁਰੁ ਹੁਕਮਾਂ ਦੇ ਉਲਟ ਬੰਦਰ ਟੋਪੀ ਪਾਈ ਹੈ ਅਤੇ ਆਪਣਾ ਸਵਰੂਪ ਵਿਗਾੜ ਕੇ ਆਪਣੀ ਪਹਿਚਾਣ ਵੀ ਗੁਵਾ ਚੁੱਕਾ ਹੈ?

ਕੁੱਝ ਇੱਕ ਘਟਨਾਵਾਂ ਮੇਰੇ ਜੀਵਨ ਵਿੱਚ ਬਾਰ-ਬਾਰ ਘਟੱਦੀਆਂ ਹਨ ਜਿਵੇਂ ਮੈਂ ਇਕ ਵਾਰ ਸੀ.ਐਸ.ਡੀ ਕਾਨਟਿਨ ਤੋਂ ਕੁਝ ਲੋਕ ਜੋਕਿ ਆਪਣੀ ਵਾਰੀ ਆਉਣ ਦੀ ਇੰਤਜ਼ਾਰ ਵਿਚ ਖੜੇ ਸਨ, ਉਨ੍ਹਾਂ ਵਿਚ ਇਕ ਯੁਵਕ ਨੇ ਜੁੜੇ ਉੱਤੇ ਪੱਟੀ ਬੰਨ ਕੇ ਪਗੜੀ ਹੋਣ ਦਾ ਢੋਂਗ ਰਚਿਆ ਹੋਇਆ ਸੀ। ਮੈਂ ਉਸ ਤੋਂ ਪੁਛਿਆ-ਬੇਟਾ ਜੀ, ਤੁਸੀਂ ਪਗੜੀ ਕਿਉਂ ਨਹੀਂ ਬੰਨੀ? ਇਸ ਤੋਂ ਪਹਿਲਾਂ ਕਿ ਉਹ ਉੱਤਰ ਦਿੰਦਾ, ਉਸਦੇ ਪਿਤਾ ਜੋਕਿ ਉਸਦੀ ਬਗਲ ਵਿੱਚ ਖੜੇ ਸਨ, ਕਹਿਣ ਲੱਗੇ-ਮੈਂ ਤਾਂ ਇਸਨੂੰ ਬਾਰ-ਬਾਰ ਪਗੜੀ ਬੰਨਣ ਲਈ ਪ੍ਰੇਰਦਾ ਹਾਂ ਪਰ ਇਹ ਮੇਰੀ ਇੱਕ ਨਹੀਂ ਸੁਣਦਾ। ਤਦੋਂ

ਮੇਰੀ ਨਜ਼ਰ ਉਨ੍ਹਾਂ ਦੀ ਬਾਹ ਤੇ ਗਈ ਜੋ ਕਿ ਕਟੀ ਹੋਈ ਸੀ। ਮੈ ਉਨ੍ਹਾਂ ਤੇ ਪ੍ਰਸ਼ਨ ਕੀਤਾ, ਆਪ ਦੀ ਇੱਕ ਬਾਹ ਹੈ ਹੀ ਨਹੀਂ ਇਹ ਦੁਖਾਂਤ ਕਿਵੇਂ ਵਾਪਰਿਆ? ਉੱਤਰ ਵਿੱਚ ਉਸ ਬਜੁਰਗ ਨੇ ਆਖਿਆ-ਸਨ 1971 ਦੇ ਯੁੱਧ ਵਿਚ ਇਹ ਬਾਹ ਫਟੜ ਹੋ ਗਈ ਸੀ। ਇਸ ਤੇ ਮੈ ਉਸ ਯੁਵਕ ਨੂੰ ਕਹਿਆ ਤੁਹਾਡੇ ਪਿਤਾ ਜੀ ਦੀ ਇਕ ਬਾਹ ਨਹੀਂ ਹੈ ਤਾਂ ਵੀ ਉਹ ਅਤਿ ਸੁੰਦਰ ਪਗੜ੍ਹੀ ਬੰਨਦੇ ਹਨ। ਪਰ ਇੱਕ ਤੂੰ ਏਂ ਦੋਨਾਂ ਬਾਵਾਂ ਦੀ ਵਰਤੋਂ ਕਰਕੇ ਵੀ ਇੱਕ ਸੁੰਦਰ ਪਗੜੀ ਨਹੀਂ ਬੰਨ ਸਕਦਾ? ਉਸ ਸਮੇਂ ਪ੍ਰਸ਼ਨ ਦਾ ਉੱਤਰ ਉਸ ਯੁਵਕ ਪਾਸ ਨਹੀਂ ਸੀ। ਇਸ ਲਈ ਉਹ ਸਿਰ ਝੁਕਾ ਕੇ ਅੱਖਾਂ ਨੀਵਿਆਂ ਕਰਕੇ ਖੜਾ ਰਿਹਾ।

ਇਕ ਦਿਨ ਮੈਂ ਦਿੱਲੀ ਬੰਗਲਾ ਸਾਹਿਬ ਗੁਰਦੁਆਰੇ ਦਰਸ਼ਨਾ ਲਈ ਪੁੱਜਾ। ਉੱਥੇ ਮੈਨੂੰ ਇਕ ਪਰਿਵਾਰ ਵਿਖਾਈ ਦਿੱਤਾ ਉਨ੍ਹਾਂ ਵਿਚ ਇਕ ਯੁਵਕ ਦਾ ਹੱਥ ਕਟਿਆ ਹੋਇਆ ਸੀ ਪਰ ਉਸ ਨੇ ਅਤਿ ਸੁੰਦਰ ਪਗੜੀ ਬੰਨੀ ਹੋਈ ਸੀ। ਜਿਗਿਆਸਾ ਵਸ ਮੈਂਨੇ ਉਸ ਤੋਂ ਪੁਛਿਆ- ਆਪ ਦਾ ਇਕ ਹੱਥ ਹੈ ਹੀ ਨਹੀਂ ਫਿਰ ਤੁਸੀ ਕਿਸ ਤਰ੍ਹਾਂ ਪਗੜੀ ਬੰਨਦੇ ਹੋ? ਤਾਂ ਕੋਲ ਖੜੀ ਉਸ ਦੀ ਮਾਤਾ ਜੀ ਨੇ ਕਹਿਆ- ਮੈਂ ਇਸ ਦੀ ਪਗੜੀ ਬੰਨਣ ਵਿਚ ਸਹਾਇਤਾ ਕਰਦੀ ਹਾਂ। ਇਹ ਸੁਣ ਕੇ ਮੇਰਾ ਮਨ ਉਨ੍ਹਾ ਪ੍ਰਤੀ ਸ਼ਰਦਾ ਨਾਲ ਭਰ ਗਿਆ, ਮੈਂਨੇ ਉਸੀ ਵਕਤ ਉਸ ਯੁਵਕ ਨੂੰ ਸਲੂਟ ਕੀਤਾ ਅਤੇ ਮਾਤਾ ਜੀ ਦੇ ਚਰਨ ਛੂਕੇ ਉਨ੍ਹਾਂ ਨੂੰ ਨਮਸਕਾਰ ਕੀਤੀ।

ਪ੍ਰਚਾਰਕ- ਸੇਕੀ ਆਏ ਦਿਨ ਇਸ ਤਰ੍ਹਾਂ ਦੇ ਯੁਵਕਾਂ ਨਾਲ ਭੇਂਟ ਹੁੰਦੀ ਹੀ ਰਹਿੰਦੀ ਹੈ, ਜੋ ਸਾਂਧਿਆ ਦੇ ਸਮੇਂ ਗੁਰਘਰ ਵਿੱਚ ਮੱਥਾ ਟੇਕਣ ਦੇ ਲਈ ਆਉਂਦੇ ਰਹਿੰਦੇ ਹਨ ਪਰ ਉਨ੍ਹਾਂ ਪਗੜੀ ਦੀ ਥਾਂ ਤੇ ਪੱਟਕਾ ਹੀ ਬੰਨਿਆ ਹੋਇਆ ਹੁੰਦਾ ਹੈ। ਪੁੱਛਣ ਤੇ ਉਨ੍ਹਾਂ ਦਾ ਉੱਤਰ ਹੁੰਦਾ ਹੈ। ਕਾਲਜ ਜਾਣ ਸਮੇਂ ਪਗੜੀ ਬੰਨੀ ਸੀ ਵਾਪਸ ਆਉਣ ਤੇ ਉਤਾਰ ਦਿੱਤੀ ਹੈ, ਮੈਂ ਹੁਣੇ ਖੇਡ ਕੇ ਪਰਤ ਰਿਹਾ ਹਾਂ ਜਾਂ ਟਿਊਸਨ ਪੜ੍ਹ ਕੇ ਆ ਰਿਹਾ ਹਾਂ ਇਸ ਲਈ ਪਗੜੀ ਨਹੀਂ ਬੰਨੀ ਇਤਿਆਦਿ। ਇਸ ਪ੍ਰਕਾਰ ਦੇ ਉੱਤਰ ਸੁਣ ਕੇ ਮੇਰਾ ਪ੍ਰਸ਼ਨ ਹੁੰਦਾ ਹੈ ਕਿ ਟਿਊਸਨ ਦੀ ਥਾਂ ਤੇ ਪਗੜੀ ਬੈਨ ਹੈ ਜਾਂ ਖੇਡ ਦੇ ਖੇਤਰ

ਵਿੱਚ ਪਗੜੀ ਬੈਨ (Ban) ਹੈ? ਜਦਕਿ ਸਾਡਿਆ ਗੱਤਕਾ ਟੀਮਾਂ ਸਭ ਤੋਂ ਉਖਾ ਖੇਡ ਖੇਡਦੀਆਂ ਹਨ ਪਰੰਤੂਉਨ੍ਹਾਂ ਦੇ ਸਿਰ ਤੇ ਸਦਾ ਪਗੜੀ (ਦੋਮਾਲਾ) ਬੰਨਿਆ ਹੁੰਦਾ ਹੈ। ਇਸ ਸਵਾਲ ਦਾ ਜੁਆਬ ਕਿਸੀ ਨੂੰ ਨਹੀਂ ਸੁਝਦਾ। ਹੁਣ ਮੇਰਾ ਸਾਰਿਆਂ ਜਵਾਨਾਂ ਤੇ ਸੁਆਲ ਹੈ:- ਤੁਸੀਂ ਘਰ ਆਉਣ ਤੇ ਪਗੜੀ ਕਿਉਂ ਉਤਾਰ ਦਿੰਦੇ ਹੋ? ਜਦੋਂ ਕਿ ਤੁਹਾਨੂੰ ਪਤਾ ਹੈ ਹੁਣੇ ਥੋੜੀ ਦੇਰ ਬਾਦ ਟਿਊਸਨ ਜਾਣਾ ਹੈ, ਉਸ ਤੋਂ ਬਾਦ ਖੇਡਣ ਜਾਣਾ ਹੈ ਇਤਿਆਦਿ। ਕਿ ਪਗੜੀ ਬਹੁਤ ਭਾਰੀ ਹੈ ਜਿਸ ਦਾ ਤੁਹਾਨੂੰ ਬਹੁਤ ਬੋਝ ਮਹਿਸੂਸ ਹੋ ਰਿਹਾ ਹੈ? ਜਦੋ ਕਿ ਪਗੜੀ ਤਾਂ ਤੁਹਾਡਾ ਸ਼ਿੰਗਾਰ ਹੈ। ਇਹ ਹਰ ਥਾਂ ਤੇ ਤੁਹਾਡੀ ਰਖਿਆ ਦੀ ਗਾਰੰਟੀ ਦੇਂਦੀ ਹੈ ਅਤੇ ਇਜ਼ਤ-ਮਾਣ ਵੀ ਦੁਆਉਂਦੀ ਹੈ। ਜੇਕਰ ਹਰ ਯੁਵਕ ਪਗੜੀ ਉਤਾਰ ਕੇ ਗੁਰਦੁਆਰੇ ਆਏਗਾ ਤਾਂ ਸੋਚੋ, ਆਉਣ ਵਾਲੇ ਸਮੇਂ ਸਾਡਾ ਸਮਾਜ ਕਿਸ ਤਰ੍ਹਾਂ ਦਿਖੇਗਾ? ਕੀ ਅਸੀ ਪਗੜੀ ਦੀ ਥਾਂ ਤੇ ਪੱਟਕੇ ਨੂੰ ਮਾਨਤਾ ਦੇ ਦਿੱਤੀ ਹੈ? ਜਦੋਂ ਕਿ ਗੁਰਦੇਵ ਜੀ ਨੇ ਤੁਹਾਨੂੰ ਸਰਦਾਰੀ ਬਖਸ਼ੀ ਹੈ। ਉਹ ਤਾਂ ਪਗੜੀ ਨਾਲ ਹੀ ਦਰਸਾਈ ਜਾ ਸਕਦੀ ਹੈ। ਜੇਕਰ ਤੁਸੀ ਪਗੜੀ ਨਹੀਂ ਬੰਨੋਗੇ ਤਾਂ ਤੁਸੀ ਗੁਰੂਦੇ ਲਾਡਲੇ ਪੁੱਤਰ ਦੇ ਰੂਪ ਵਿੱਚ ਉਨ੍ਹਾਂ ਦੀ ਗੋਦੀ ਦਾ ਆਨੰਦ ਕਿਸ ਤਰ੍ਹਾਂ ਮਾਣੋਗੇ? ਗੁਰੂਜੀ ਤਾਂ ਜ਼ਰੂਰ ਹੀ ਤੁਹਾਡੇ ਤੋ ਪੁੱਛਣਗੇ ਬੇਟਾ ਜੀ- ਤੁਸੀ ਮੇਰੇ ਸੰਤ-ਸਿਪਾਹੀ ਹੋ, ਨਿਆਰੇ ਖਾਲਸੇ ਹੋ, ਮੈਂਨੇ ਤੁਹਾਨੂੰ ਸਰਦਾਰੀ ਬਖਸ਼ੀ ਹੈ। ਉਹ ਤਾਂ ਤੇਰੇ ਸਿਰ ਤੇ ਕਿਤੇ ਦਿਖਦੀ ਨਹੀਂ? ਕੀ ਗਲ ਹੈ ਤੁਸੀਂ "ਢੈਦੀਆਂ ਕਲਹਾਂ" ਵਿੱਚ ਕਿਦਾ ਪੁੱਜ ਗਏ ਜਦੋਂ ਕਿ ਮੈਂ ਤੁਹਾਨੂੰ "ਚੜਦੀ ਕਲਹਾ" ਵਿਚ ਵੇਖਣਾਂ ਚਾਹੁੰਦਾ ਹਾਂ।

ਇੱਕ ਗਲ ਦਾ ਸਾਰੇ ਯੁਵਕ ਉੱਤਰ ਦੇਓ। ਜਦੋਂ ਤੁਸੀਂ ਕਿਸੀ ਸਮਾਗਮ ਜਾਂ ਕਿਸੀ ਖਾਸ ਥਾਂ ਤੇ ਕਿਸੀ ਵੱਡੇ ਅਵਸਰ ਨੂੰ ਮਿਲਣੇ ਜਾਂਦੇ ਹੋ ਤਾਂ ਕੀ ਤੁਸੀ ਉਸ ਵਕਤ ਉਥੇ ਜਾਣ ਲਈ ਖਾਸ ਤੋਂਰ ਤੇ ਸਜ-ਧਜ ਕੇ ਨਹੀਂ ਪੁਜਦੇ? ਤੁਸੀ ਉਸ ਸਮੇਂ ਪਗੜੀ ਬੰਨਦੇ ਹੋ ਜਾਂ ਪਗੜੀ ਉਤਾਰ ਕੇ ਪੱਟਕੇ ਵਿਚ ਹੀ ਚਲੇ ਜਾਂਦੇ ਹੋ? ਜੇਕਰ ਆਪ ਜੀ ਉਸ ਸਮੇਂ ਆਪਣੇ ਆਪ ਨੂੰ ਸੁਆਰਦੇ ਹੋ ਤਾਂ ਫਿਰ ਗੁਰਦੇਵ ਦੇ ਸਨਮੁੱਖ ਹੋਣ ਸਮੇਂ ਇਹ ਹੀ ਸਾਵਧਾਨੀ ਕਿਉਂ ਨਹੀਂ ਰਖ ਸਕਦੇ?

**ਇਕ ਯੁਵਕ**- ਸਾਡੇ ਸਾਹਮਣੇ ਬਹੁਤ ਸਾਰੀਆਂ ਸਮਸਿਆਵਾਂ ਸਿੱਖ ਸਿਧਾਂਤ ਅਤੇ ਸਿੱਖੀ ਜੀਵਨ ਜੁਗਤੀ ਜਾਣਨ ਲਈ ਆਉਂਦੀਆਂ ਹਨ। ਇਨ੍ਹਾਂ ਨੂੰ ਕਿਸ ਤੋਂ ਸਿਖਿਆ ਜਾਏ?

**ਪ੍ਰਚਾਰਕ**- ਜੇਕਰ ਆਪ ਜੀ ਦੀ ਗੱਡੀ ਖਰਾਬ ਹੋ ਜਾਏ ਤਾਂ ਤੁਸੀ ਕਿਸੇ ਦੇ ਕੋਲ ਜਾਂਦੇ ਹੋ?

**ਯਵਕ**- ਮਕੈਨਿਕ ਦੇ ਕੋਲ।

**ਪ੍ਰਚਾਰਕ**- ਜੇਕਰ ਤੁਸੀ ਬਿਮਾਰ ਹੋਵੇ ਤਾਂ ਕਿਸਦੇ ਕੋਲ ਜਾਓਗੇ?

**ਯੁਵਕ**- ਡਾਕਟਰ ਦੇ ਕੋਲ।

**ਪ੍ਰਚਾਰਕ**- ਜੇਕਰ ਤੁਹਾਡੇ ਤੇ ਕੋਈ ਮੁਕੱਦਮਾ ਬਣ ਜਾਏ ਤਾਂ ਕਿਸ ਦੇ ਕੋਲ ਜਾਓਗੇ?

**ਯੁਵਕ**- ਵਕੀਲ ਦੇ ਕੋਲ।

**ਪ੍ਰਚਾਰਕ**- ਠੀਕ ਇਸੀ ਤਰ੍ਹਾਂ ਜੇਕਰ ਆਪ ਨੂੰ ਸਿੱਖੀ ਜੀਵਨ ਜਾਂਚ ਜਾਂ ਸਿੱਖੀ ਸਿੱਧਾਂਤਾਂ ਬਾਰੇ ਜਾਣਨੇ ਦੀ ਇੱਛਾ ਹੋਵੇ ਤਾਂ ਤੁਹਾਨੂੰ ਫੋਰਨ ਸਿੱਖ ਪ੍ਰਚਾਰਕਾਂ ਜਾਂ ਸਿੱਖ ਮਿਸ਼ਨਰੀਆਂ ਦੇ ਸਨਮੁਖ ਆਪਣੀਆਂ ਸਮਸਿਆਵਾਂ ਰਖਣੀਆਂ ਚਾਹੀਦੀਆਂ ਹਨ।

**ਯੁਵਕ**- ਮੈਂਨੇ ਪਗੜੀ ਬੰਨਣੀ ਸਿੱਖਣੀ ਸੀ। ਇਸ ਲਈ ਮੈਂ ਪਗੜੀ ਬੰਨਣ ਦੀ ਜੋ ਟਰੇਨਿੰਗ ਦਿੰਦੇ ਹਨ ਅਤੇ ਆਪਣੀ ਫੀਸ ਲੈਂਦੇ ਹਨ ਉਨ੍ਹਾਂ ਕੋਲ ਗਿਆ ਸੀ ਪਰ ਮੈਨੂੰ ਉਥੋਂ ਬਹੁਤ ਨਿਰਾਸ਼ਾ ਹੀ ਮਿਲੀ ਹੈ।

**ਪ੍ਰਚਾਰਕ**- ਆਪ ਜੀ ਕਮ੍ਰਸ਼ਲ ਲੋਕਾਂ ਦੇ ਕੋਲ ਪੁੱਜ ਗਏ ਸੀ, ਨਾ ਕਿ ਸਵੇਮ-ਸੇਵਕਾਂ (ਮਿਸ਼ਨਰੀਆਂ) ਦੇ ਕੋਲ, ਸੁਭਾਵਿਕ ਹੀ ਹੈ ਉਨ੍ਹਾਂ ਆਪਣੇ ਸੁਆਰਥ ਲਈ ਤੁਸਾਂ ਨੂੰ ਮਿਸ ਗਾਈਡ ਕਰਨਾ ਹੀ ਸੀ। ਅੱਛਾ ਦੱਸੋ ਹੋਇਆ ਕੀ ਸੀ?

**ਯੁਵਕ**– ਮੈਂ ਚਾਹੁੰਦਾ ਸਾਂ ਕਿ ਮੈਨੂੰ ਸੁੰਦਰ ਪਗੜੀ ਬੰਨਣੀ ਆ ਜਾਵੇ। ਪਰੰਤੂਉਸ ਪੇਸ਼ਾਵਾਰ (ਕਮ੍ਰਸ਼ਲ) ਮਨੁੱਖ ਨੇ ਪਹਿਲਾਂ ਮੈਨੂੰ ਜੂੜਾ ਖੋਲ ਕੇ ਗੁੱਤ ਬਣਾ ਕੇ ਸਿਰ ਦੇ ਆਲੇ-ਦੁਆਲੇ ਲਪੇਟਣ ਲਈ ਮਜ਼ਬੂਰ ਕੀਤਾ, ਫਿਰ ਸਿਰ ਤੇ ਇਕ ਕਪੜਾ (ਪੱਟਕਾ) ਬੰਨਿਆ, ਫਿਰ ਪਗੜੀ ਨੂੰ ਪਾਣੀ ਦੇ ਛਿੱਟ ਦੇ ਕੇ ਖ਼ੂਬ ਭਿਗੋਇਆ ਜਿਸ ਨਾਲ ਸਾਰੀ ਪਗੜੀ ਲਗਭਗ ਗਿੱਲੀ ਹੋ ਗਈ, ਫਿਰ ਪਗੜੀ ਦੀ ਇਕ ਪਾਸ ਤਹਿ ਲਗਾ ਕੇ ਮੇਰੇ ਸਿਰ ਤੇ ਕੱਸ ਕੇ ਬੰਨਣਾ ਸ਼ੁਰੂਕੀਤਾ, ਜਿਸ ਨਾਲ ਮੇਰਾ ਸਿਰ ਦਰਦ ਕਰਨ ਲੱਗਾ। ਬੇਸ਼ਕ ਇਸ ਵਿਧੀ ਨਾਲ ਉਹ ਪਗੜੀ ਸੁੰਦਰ ਅਤੇ ਆਕਰਸ਼ਕ ਜਾਪਦੀ ਸੀ। ਪਰੰਤੂਥੋੜੀ ਦੇਰ ਬਾਦ ਉਸਦੇ ਸੁੱਕ ਜਾਣ ਤੇ ਮੈਨੂੰ ਸਿਰ ਵਿਚ ਬਹੁਤ ਪੀੜ (ਤਨਾਵ) ਮਹਿਸੂਸ ਹੋਣੇ ਲਗਾ ਕਿਉਂਕਿ ਪਗੜੀ ਦੇ ਸੁਕਣ ਤੇ ਉਸਦੀ ਜਕੜ ਵਧੱਦੀ ਹੀ ਜਾ ਰਹੀ ਸੀ। ਹੁਣ ਮੈਂ ਜੱਕੜ ਸਹਿਨ ਨਹੀਂ ਸੀ ਕਰ ਪਾ ਰਿਹਾ। ਇਸ ਲਈ ਮੈਂਨੇ ਸੋਚਿਆ ਐਸੀ ਪਗੜੀ ਨਾਲੋਂ ਤਾਂ ਪੱਟਕਾ ਹੀ ਭਲਾ ਹੈ ਜੋ ਸਿਰ ਵਿਚ ਪੀੜ (ਐਠਨ) ਪੈਦਾ ਕਰ ਦੇਵੇ। ਮੈਂਨੇ ਉਸ ਸਮੇਂ ਘਰ ਪੁੱਜ ਕੇ ਪਗੜੀ ਉਤਾਰ ਦਿੱਤੀ ਜਿਸ ਨਾਲ ਮੈਂ ਆਮ ਹਾਲਤ ਵਿੱਚ ਆ ਗਿਆ।

**ਪ੍ਰਚਾਰਕ**– ਬੇਟਾ ਜੀ, ਕੀ ਤੁਸੀ ਗਿੱਲੇ ਕੱਪੜੇ ਪਹਿਨਣੇ ਹੋ?

**ਯੁਵਕ**– ਨਹੀਂ ਤਾਂ।

**ਪ੍ਰਚਾਰਕ**– ਫਿਰ ਤੁਸੀ ਪਗੜੀ ਗਿੱਲੀ ਕਿਉਂ ਬੰਨੀ ਸੀ? ਕੀ ਤੁਹਾਨੂੰ ਪਤਾ ਨਹੀਂ ਕਿ ਸੁੱਕਣੇ ਤੇ ਪਗੜੀ ਵਿਚ ਖਿਚਾਵ (ਐਠਨ) ਆ ਜਾਵੇਗੀ ਜੋਕਿ ਆਪ ਨੂੰ ਜਕੜ ਵਿੱਚ ਲੈ ਸਕਦੀ ਹੈ, ਜਿਸ ਨਾਲ ਸਿਰ ਜਾਂ ਮੱਥੇ ਵਿਚ ਜ਼ਖਮ ਆਦਿ ਵੀ ਹੋ ਸਕਦੇ ਹਨ। ਜੇਕਰ ਸਰਦੀ ਦਾ ਮੌਸਮ ਹੋਵੇ ਤਾਂ ਸਿਰ ਵਿਚ ਪਗੜੀ ਦੀ ਨਮੀ ਦੇ ਕਾਰਣ ਨਜ਼ਲਾ, ਬੁਖਾਰ ਆਦਿ ਵੀ ਹੋ ਸਕਦੇ ਹਨ। ਕੀ ਤਸੀ ਆਪਣੇ ਬਜ਼ੁਰਗਾਂ ਨੂੰ ਪਗੜੀ ਗਿੱਲੀ ਕਰਦੇ ਵੇਖਿਆ ਹੈ?

**ਯੁਵਕ**– ਨਹੀਂ ਤਾਂ।

**ਪ੍ਰਚਾਰਕ–** ਫਿਰ ਆਪ ਜੀ ਪਗੜੀ ਨੂੰ ਗਿੱਲਾ ਕਿਉਂ ਕਰਦੇ ਹੋ? ਜਦ ਕਿ ਪਗੜੀ ਸਹਿਜ ਰੂਪ ਵਿਚ ਸੁੱਕੀ ਹੀ ਬੰਨਣੀ ਚਾਹੀਦੀ ਹੈ।

**ਪ੍ਰਚਾਰਕ–** ਇਕ ਯੁਵਕ ਨੂੰ ਮੁਖਤਿਬ ਹੁੰਦਾ ਹੈ ਜੋ ਆਪਣੀ ਮਾਤਾ ਜੀ ਨਾਲ ਅੱਜ ਦੇ ਵਿਸ਼ੇਸ਼ ਸਮਾਗਮ ਵਿਚ ਹਾਜ਼ਰੀ ਭਰਣ ਲਈ ਦੁਪਿਹਰ ਦੇ ਵਕਤ ਗੁਰੂਘਰ ਵਿੱਚ ਪ੍ਰਵੇਸ਼ ਕਰਦਾ ਹੈ।

**ਬੇਟਾ ਜੀ–** ਆਪ ਜੀ ਨੇ ਪਗੜੀ ਕਿਉਂ ਨਹੀਂ ਬੰਨੀ ਕਾਰਣ ਦੱਸੋ?

**ਯੁਵਕ–** ਮੈਨੂੰ ਪੱਗ ਬੰਨਣੀ ਨਹੀਂ ਆਉਂਦੀ।

**ਪ੍ਰਚਾਰਕ–** ਬੇਟਾ ਜੀ, ਆਪਦੇ ਚਿਹੇਰੇ ਤੇ ਦਾੜੀ ਸ਼ੁਸੋਭਿਤ ਹੈ ਹੁਣ ਤੁਸੀ ਪੂਰਣ ਰੂਪ ਵਿੱਚ ਯੌਵਨ ਨੂੰ ਪ੍ਰਾਪਤ ਕਰ ਚੁੱਕੇ ਹੋ, ਪਗੜੀ ਬੰਨਣਾਂ ਕਦੋ ਸਿੱਖੋਗੇ? ਜਦੋਂ ਦਾੜੀ ਮੇਰੀ ਤਰ੍ਹਾਂ ਸਫੇਦ ਹੋ ਜਾਏਗੀ।

**ਯੁਵਕ–** ਮੈਂਨੇ ਪਗੜੀ ਬੰਨਣੇ ਦੀ ਕਈ ਵਾਰ ਕੋਸ਼ਿਸ਼ ਕੀਤੀ ਸੀ ਪਰ ਠੀਕ ਤਰ੍ਹਾਂ ਸੁੰਦਰ ਨਹੀਂ ਸੱਜਦੀ ਮੈਂ ਕੀ ਕਰਾਂ?

**ਪ੍ਰਚਾਰਕ–**ਪਹਿਲੇ-ਪਹਿਲ, ਇਕ-ਦੋ-ਦਿਨ ਪਗੜੀ ਕੁੱਝ ਟੇਡੀ-ਮੇਡੀ ਹੀ ਬਜੇਗੀ ਫਿਰ ਅਭਿਆਸ ਕਰਣ ਤੇ ਸਹਿਜੇ-ਸਹਿਜੇ ਆਪਣੇ-ਆਪ ਹੀ ਹੱਥ ਸੈਟ ਹੋ ਜਾਂਦਾ ਹੈ। ਬਸ, ਤੁਹਾਨੂੰ ਆਪਣੇ ਵਿੱਚੋਂ ਹੀਨ ਭਾਵਨਾਵਾਂ ਦਾ ਤਿਆਗ ਕਰਨਾ ਪਏਗਾ। ਜਿਸ ਰੂਪ ਵਿੱਚ ਤੁਸੀ ਹੁਣ ਆਏ ਹੋ ਉਸ ਤੋਂ ਤਾਂ ਪਗੜੀ ਬੰਨੀ ਹੋਈ ਸੁਰਤ ਲੱਖ ਚੰਗੀ ਹੁੰਦੀ। ਧਿਆਨ ਨਾਲ ਵੇਖੋ ਸਾਰੇ ਜੁਆਨਾਂ ਨੇ ਆਪਣੀ ਕਮੀਜ਼ ਦੇ ਰੰਗ ਨਾਲ ਮੈਚਿੰਗ ਕਰਕੇ ਪਗੜਿਆਂ ਬੰਨੀਆਂ ਹੋਈਆਂ ਹਨ। ਤੇਰੀ ਤਰ੍ਹਾਂ ਰੱਬ ਨੇ ਸਾਰਿਆਂ ਨੂੰ ਸਿਰਫ ਦੋ ਹੀ ਬਾਹਵਾਂ ਦਿੱਤੀਆਂ ਹਨ। ਵਿਸ਼ਵਾਸ ਰੱਖੋ ਕਿਸੀ ਦੇ ਵੀ ਚਾਰ ਬਾਜੂ ਨਹੀਂ ਅਤੇ ਨਾ ਹੀ ਤੇਰੇ ਤੋਂ ਕੋਈ ਸੁਪਿਰੀਅਰ ਹੈ। ਬਸ ਗਲ ਤਾਂ ਦ੍ਰਿੜ ਇਰਾਦੇ ਦੀ ਹੈ। ਪਗੜੀ

ਨੇ ਹੀ ਤੈਨੂੰ Rank ਰੁਤਬੇ-ਰਿਸ਼ਤੇ-ਨਾਤੇ ਅਤੇ Inter view ਆਦਿ ਵਿਚ ਸਫਲਤਾ ਦਿਵਾਉਣੀ ਹੈ।

ਮਾਤਾ ਜੀ- ਵੀਰ ਜੀ, ਮੈਂ ਤਾਂ ਇਸ ਨੂੰ ਕਹਿੰਦੀ ਰਹਿੰਦੀ ਹਾਂ ਕਿ ਪਗੜੀ ਬੰਨੀਆਂ ਕਰੋ ਪਰ ਇਹ ਮੇਰੀ ਸੁਣਦਾ ਹੀ ਨਹੀਂ।

ਪ੍ਰਚਾਰਕ- ਭੈਣ ਜੀ, ਜੇਕਰ ਤਸੀ ਇਸ ਤੇ ਕਿਸ਼ੋਰ ਅਵਸਥਾ (ਛੋਟੀ ਉਮਰੇ) ਵਿਚ ਦਬਾਵ ਪਾਇਆ ਹੁੰਦਾ ਤਾਂ ਉਨ੍ਹਾਂ ਦਿਨ੍ਹਾਂ ਦਾ ਕੀਤਾ ਗਿਆ ਯਤਨ ਅਜ ਸਫਲ ਹੁੰਦਾ। ਕਿਉਂਕਿ ਬਚਪਨ ਵਿੱਚ ਪਗੜੀ ਅੱਛੀ ਨਾ ਵੀ ਸਜਣ ਤੇ ਹੀਨ ਭਾਵਨਾਂ ਨਹੀਂ ਪੈਂਦਾ ਹੋਣੀ ਸੀ। ਹੁਣ ਇਹ ਯੁਵਾਵਸਥਾਂ ਵਿਚ ਉਹ ਹੀ ਕੰਮ ਸੰਗ ਕਰਕੇ ਨਹੀਂ ਕਰ ਸਕਦਾ। ਤੁਸੀ ਸਮੇਂ ਸਿਰ ਆਪਣਾ ਫਰਜ਼ ਨਹੀਂ ਨਿਭਾਇਆ। ਬਸ....ਬੱਚੇ ਹਨ ਸਿੱਖ ਜਾਣਗੇ, ਇਹ ਸੋਚ ਕੇ ਪੁਚ.....ਪੁਚ ਕਰਦੀ ਰਹੀ ਅਤੇ ਸਖਤੀ ਨਹੀਂ ਕੀਤੀ।

ਮਾਤਾ ਜੀ- ਕੀ ਕਰਾ ! ਮੈਂਥੋਂ ਬੱਚਿਆਂ ਤੇ ਸਖਤੀ ਨਹੀਂ ਹੋ ਸਕਦੀ।

ਪ੍ਰਚਾਰਕ- ਭੈਣ ਜੀ,ਜਦੋਂ ਤੱਕ ਮਾਂਪਿਆ ਅਤੇ ਅਧਿਆਪਕਾਂ ਦੁਆਰਾ ਬੱਚਿਆਂ ਨੂੰ ਚੰਡਿਆ ਨਹੀਂ ਜਾਂਦਾ ਤਦ ਤੱਕ ਉਨ੍ਹਾਂ ਦਾ ਵਿਕਾਸ ਸੰਭਵ ਨਹੀਂ। ਠੀਕ ਉਸ ਤਰ੍ਹਾਂ ਜਿੰਦਾ ਕਿ ਇਕ ਸੁਨਿਆਰਾ ਸੋਨੇ ਦੀ ਡੱਲੀ ਨੂੰ ਘੜ ਕੇ ਸੁੰਦਰ ਅਤੇ ਆਕਰਸ਼ਕ ਗਹਿਣੇ ਬਣਾ ਦੇਂਦਾ ਹੈ। ਠੀਕ ਇਸੀ ਤਰ੍ਹਾਂ ਇਕ ਸ਼ਿਲਪਕਾਰ ਇੱਕ ਪੱਥਰ ਨੂੰ ਤਿਰਾਸ਼ ਕੇ ਸੁੰਦਰ ਮੂਰਤੀ ਬਣਾ ਦੇਂਦਾ ਹੈ, ਇਕ ਤਰਖਾਣ ਇਕ ਲੱਕੜ ਦੇ ਕੁੰਦੇ ਨੂੰ ਸੁੰਦਰ ਫਨੀਚਰ ਵਿੱਚ ਬਦਲ ਦੇਂਦਾ ਹੈ। ਇਸੀ ਤਰ੍ਹਾਂ ਹੀ ਅਧਿਆਪਕ ਜਨ ਅਤੇ ਮਾਂਪੇ ਬੱਚਿਆਂ ਨੂੰ ਉਚਿੱਤ ਮਾਰਗ ਦਰਸ਼ਨ ਦੇਕੇ ਉੱਚ ਕੋਟੀ ਦੇ ਨਾਗਰਿਕ ਬਣਾ ਦਿੰਦੇ ਹਨ।

ਪ੍ਰਚਾਰਕ- ਇਕ ਯੁਵਕ ਨੂੰ ਸੰਬੋਧਨ ਕਰਦੇ ਹੋਏ-ਬੇਟਾ ਜੀ, ਤੁਸੀ ਦਾੜੀ ਦਾ ਬੁਰੀ ਤਰ੍ਹਾਂ ਅਪਮਾਨ ਕੀਤਾ ਹੋਇਆ ਹੈ, ਕਿਉ, ਕਾਰਣ ਦੱਸੋ?

**ਯੁਵਕ**- ਦਾੜ੍ਹੀ ਦੀ ਸੇਵਾ ਸੰਭਾਲ ਬਹੁਤ ਔਖੀ ਹੈ, ਇਸ ਲਈ ਨਿਸ਼ਾਨੀ ਲਈ ਰੱਖ ਲਈ ਹੈ। ਜੇਕਰ ਪੂਰੀ ਤਰ੍ਹਾਂ ਰਖੀਏ ਤਾਂ ਗਿਆਨੀ ਦਿਖਦਾ ਹਾਂ।

**ਪ੍ਰਚਾਰਕ**- ਬੇਟਾ ਜੀ, ਦਾੜ੍ਹੀ ਕੁਦਰਤ ਦੁਆਰਾ ਦਿੱਤਾ ਗਿਆ ਮਨੁੱਖਤਾ ਨੂੰ ਉਪਹਾਰ ਹੈ ਭਾਵ ਇਹ (god gift) ਹੈ । ਇਸ ਵਿੱਚ ਮਹਾਪੁਰਖ ਅੱਲਾਹੀਨੂਰ ਵੇਖਦੇ ਹਨ। ਇਸਨੂੰ ਜਿਉ ਦਾ ਤਿਉ (As it is) ਵੀ ਰਖਣਾ ਚਾਹੀਦਾ ਹੈ। ਸਾਨੂੰ ਆਪਣੇ ਸਵਰੂਪ ਵਿਚ Modification ਕਰਣ ਦਾ ਕੋਈ ਹੱਕ ਨਹੀਂ। ਹਾਂ.... ਅਸੀਂ ਮਨੁੱਖੀ ਸਮਾਜ ਦੇ ਪ੍ਰਾਣੀ ਹਾਂ ਇਸ ਲਈ Manitenance ਕਰਣਾ ਸਾਡਾ ਫਰਜ਼ ਹੈ। Manitenance ਵਿੱਚ ਅਸੀਂ ਦਾੜ੍ਹੀ ਨੂੰ ਜ਼ਰੂਰਤ ਅਨੁਸਾਰ ਕਈ ਵਿਧਿਆਂ ਨਾਲ ਬਨ (ਸੰਤੋਖ) ਸਕਦੇ ਹਾਂ। ਪਰ ਮੈਨੂੰ ਦੁੱਖ ਹੈ ਕੁਝ ਭਟਕੇ ਹੋਏ ਸਿੱਖ ਯੁਵਕ ਅਪਣੀ ਦਾੜ੍ਹੀ ਦਾ ਬਹੁਤ ਬੁਰੀ ਤਰ੍ਹਾਂ ਅਪਮਾਨ ਕਰਦੇ ਹਨ। ਇੱਥੋਂ ਤੱਕ ਦੇਖਿਆ ਗਿਆ ਹੈ ਕੁਝ ਯੁਵਕਾਂ ਦੇ ਚੇਹਰੇ ਤੇ ਉਨ੍ਹਾਂ ਦੀ ਦਾੜ੍ਹੀ ਇਸ ਤਰ੍ਹਾਂ ਦਿਖਦੀ ਹੈ ਜਿਵੇਂ ਕਿਸੀ ਮੀਠੀ ਚੀਜ਼ ਤੇ ਕੀੜੀਆਂ ਚਿਮੜੀਆਂ ਹੋਈਆਂ ਹੋਣ। ਇਥੇ ਹੀ ਬਸ ਨਹੀਂ ਕੁਝ ਯੁਵਕਾਂ ਦੀ ਦਾੜ੍ਹੀਆਂ ਦੇ ਅਲਗ-ਅਲਗ ਨਮੂਨੇ ਹੁੰਦੇ ਹਨ ਜੋਕਿ ਮੈਂ ਇਥੇ ਕਵਿਤਾ ਰੂਪ ਵਿੱਚ ਲਿਖਣ ਦੀ ਗੁਸਤਾਖੀ ਕਰ ਰਿਹਾ ਹਾਂ।

ਗੁਰਸਿੱਖਾਂ ਦੀ ਸੱਚੀ-ਸੁੱਚੀ ਪ੍ਰਕਾਸ਼ਮਾਨ ਹੈ ਦਾੜ੍ਹੀ॥

ਸਿਦਕੀ ਜਵਾਨਾਂ ਨੇ ਵੀ ਜੈਲ-ਫਿਕਸੋ ਆਦਿ ਨਾਲ ਸਵਾਰੀ॥

ਮਨਮੁੱਖਾਂ ਦੀ ਦਾੜ੍ਹੀ ਐਦਾ ਜਾਪੇ ਜਿਵੇਂ ਝੁਲਸੀ ਹੋਈ ਝਾੜੀ॥

ਬੇਮੁਖਾਂ ਨੇ ਦਾੜ੍ਹੀ ਤੀਖੇ ਸੂਲਾ ਵਾਂਗ ਹੈ ਵਿਗਾੜੀ॥

ਮੂਰਖਾਂ ਦੀ ਦਾੜ੍ਹੀ ਐਦਾ ਦਿਖੇ ਜਿਵੇਂ ਮਿੱਠੇ ਉਪਰ ਚੀਟਿਆਂ।

ਲੋਕ ਹਸੜ ਅਤੇ ਮੋਜ਼ੂਉਡਾਉਣ, ਵਿਅੰਗ ਵਿਚ ਮਾਰਨ ਸੀਟਿਆਂ॥

ਉਨਾਂ ਨੂੰ ਫਿਰ ਵੀ ਸ਼ਰਮ ਨ ਆਵੇ, ਲੋਕ ਲਾਜ ਤੋਂ ਅੱਖਾਂ ਮੀਟਿਆਂ॥

ਐਸੀ ਗਲ ਨਹੀਂ ਕਿ ਸਿੱਖੀ ਦਾ ਗੋਰਵਮਈ ਪ੍ਰਦਰਸ਼ਨ ਕਰਨੇ ਵਾਲੇ ਯੁਵਕ ਨਹੀਂ ਹਨ-ਕੁਝ ਯੁਵਕਾਂ ਨੇ ਦਾੜੀ ਪ੍ਰਕਾਸ਼ਮਾਨ ਕਰਕੇ Natural Beauty ਕੁਦਰਤੀ ਸੁਹਪਣ ਦਾ ਪ੍ਰਦਸ਼ਣ ਕਰਕੇ ਆਪਣੇ ਆਪ ਨੂੰ ਖਿੱਚ ਦਾ ਕੇਂਦਰ ਬਣਾਇਆ ਹੋਇਆ ਹੈ। ਉਥੇ ਕੁਝ ਯੁਵਕ ਆਪਣੀ ਦਾੜੀ ਨੂੰ ਫਿਕਸੋ-ਜੈਲ, ਜਾਲੀ -ਡੋਰੀ ਆਦਿ ਨਾਲ ਸਵਾਰ ਕੇ ਅਤੇ ਠਾਠੇ ਨਾਲ Press ਕਰਕੇ Gental Man ਦ੍ਰਿਸ਼ਟੀ ਗੋਚਰ ਹੁੰਦੇ ਹਨ ਅਤੇ ਸਿੱਖੀ ਦੇ ਗੋਰਵ ਨੂੰ ਚਾਰ ਚੰਦ ਲਗਾ ਦੇਂਦੇ ਹਨ।

ਪ੍ਰਚਾਰਕ- ਇਕ ਯੁਵਕ ਨੂੰ, ਬੇਟਾ ਜੀ ਤੁਸਾਂ ਪਗੜੀ ਕਿਉਂ ਨਹੀਂ ਬੰਨੀ?

ਯੁਵਕ- ਗਿਆਨੀ ਜੀ, ਮੇਰੇ ਇਮਤਿਹਾਨ ਹੋ ਰਹੇ ਹਨ, ਇਸ ਲਈ ਪਗੜੀ ਬੰਨਣ ਦਾ ਵੇਲ ਹੀ ਨਹੀਂ ਹੁੰਦਾ

ਪ੍ਰਚਾਰਕ- ਬੇਟਾ ਜੀ, ਸਾਰੇ ਸਿੱਖ ਜਗਤ ਦੇ ਲੋਕਾਂ ਨੇ ਉੱਚ ਸ੍ਰੇਣੀ ਦੀ ਵਿਧਿਆ ਪ੍ਰਾਪਤ ਕੀਤੀ ਹੋਈ ਹੈ ਅਤੇ ਉਹ ਵੱਡੇ ਵੱਡੇ ਵਿਆਪਾਰੀ-ਉਪਯੋਗ ਪ੍ਰਤੀ ਇਤਿਆਦਿ ਹਨ ਕਈ ਤਾਂ ਬਹੁਤ ਉੱਚੀ ਉਪਾਧੀਆਂ ਤੇ ਵਿਰਾਜਮਾਨ ਹੋ ਕੇ ਪਗੜੀ ਨਾਲ ਸਿੱਖ ਕੌਮ ਦਾ ਮਾਣ ਵਧਾ ਰਹੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਨਿਠਲਾ ਜਾਂ ਨਿਖਟੂਨਹੀਂ। ਇਨ੍ਹਾਂ ਸਾਰਿਆਂ ਨੂੰ ਆਪਣੇ ਵਿਅਸਤ ਜੀਵਨ ਵਿਚੋਂ ਪਗੜੀ ਬੰਨਣ (ਦਸਤਾਰ ਸਜਾਉਣ) ਦਾ ਸਮਾਂ ਮਿਲ ਜਾਂਦਾ ਹੈ ਇਕ ਤੂੰ ਹੈ ਜਿਸਨੇ ਪਗੜੀ ਨੂੰ ਹਉਆ ਬੜਾ ਰਖਿਆ ਹੈ ਜੇਕਰ ਤੁਸੀ ਵਿਦਿਆਰਥੀ ਜੀਵਨ ਵਿੱਚ ਵੀ ਪਗੜੀ ਲਈ ਸਮਾਂ ਨਹੀਂ ਕੱਢ ਸਕਦੇ ਤਾਂ ਫਿਰ ਕਦੋਂ ਤੁਹਾਨੂੰ ਵੇਲ ਮਿਲੇਗੀ? ਤੁਸੀ ਸਮਾਜਿਕ ਪ੍ਰਾਣੀ ਹੋ ਅਤੇ ਚੰਡੀਗੜ੍ਹ ਨਗਰ ਦੇ ਨਿਵਾਸੀ ਹੋ ਕਿਤੇ ਜੰਗਲ ਵਿੱਚ ਨਿਵਾਸ ਨਹੀਂ ਕਰਦੇ। ਇਥੇ ਆਪਣੀ Personlty Develop ਕਰਨਾ ਜ਼ਰੂਰੀ ਹੈ ਜਿਸ ਨਾਲ ਆਪ ਸਭ Handsome ਦਿਖਾਈ ਦਿਓ। ਹੁਣ ਤੁਸੀ ਆਪਣੇ ਆਪਨੂੰ ਪਹਿਚਾਣੋ ਤੇ ਆਪਣੇ ਅੰਦਰੋਂ ਗੁਰੂਦੇ ਲਾਲ, ਸੰਤ ਸਿਪਾਹੀ ਨੂੰ ਜਨਮ ਦਿਓ!!!

ਕਾਲਜ ਵਿੱਚ ਤੁਹਾਡੇ ਨਾਲ ਯੁਵਤੀਆਂ (ਕੁੜੀਆਂ) ਵੀ ਪੜਦੀਆਂ ਹੋਣ ਗਿਆ। ਉਹ ਤਾਂ ਸਜ-ਧਜ ਕੇ ਪਟੋਲਾ ਬਣ-ਬਣ ਵਿਚਰਣ ਕਰਦਿਆਂ ਹੋਣ ਗਿਆ। ਜਦੋ Class ਵਿਚ ਸਾਰਿਆਂ ਵਿਦਿਆਰਥੀਆਂ ਦਾ ਧਿਆਨ ਤੇਰੇ ਤੇ ਜਾਂਦਾ ਹੋਏਗਾ ਤਾਂ ਉਹ ਸੋਚਦੇ ਹੋਣਗੇ। ਹੱਲ ਬੱਚਾ ਹੈ ਪੱਟਕਾ ਬੰਨਦਾ ਸ਼ਾਹਿਦ ਨਿੰਪਲ ਨਾਲ ਦੁੱਧੂਪੀਂਦਾ ਹੋਵੇ, ਚਲੋ ਇਸਨੂੰ ਗੋਦੀ ਵਿਚ ਬਿਠਾ ਲਓ।

**ਇਕ ਹੋਰ ਯੁਵਕ-** ਗਿਆਨੀ ਜੀ, ਤੁਸੀ ਉਨ੍ਹਾਂ ਨੂੰ ਕੁਝ ਨਹੀਂ ਕਹਿੰਦੇ ਜੋ ਪ੍ਰਤੀਤ ਹੋ ਗਏ ਹਨ? ਅਸੀਂ ਤਾ ਉਨ੍ਹਾਂ ਤੋਂ ਲੱਖ ਚੰਗੇ ਹਾਂ।

**ਪ੍ਰਚਾਰਕ-** ਬੇਟਾ ਇਲਾਜ ਬਿਮਾਰਾਂ ਤਾ ਕੀਤਾ ਜਾਂਦ ਹੈ ਮਰੇ ਹੋਇਆ ਦਾ ਨਹੀਂ। ਜੋ ਗੁਰਦੇਵ ਨੂੰ ਬੇਦਾਂਵਾ ਦੇ ਕੇ ਬੇਮੁੱਖ ਹੋ ਗਏ ਹਨ ਉਨ੍ਹਾਂ ਦਾ ਕੀ ਰੋਣਾ। ਅਸਲ ਵਿਚ ਉਹ ਆਪਣੀ ਆਈਡੇਂਟੀ ਗੁਵਾ ਚੁੱਕੇ ਹਨ। ਹੁਣ ਉਨ੍ਹਾਂ ਨਾਲ ਸਾਡਾ ਕੋਈ ਰਿਸ਼ਤਾ ਨਹੀ।

ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਆਪਸ ਵਿਚ ਵਿਚਾਰ-ਵਟਾਂਦਰਾ ਕਰਦੇ ਹੋਏ: ਇਸ ਗੰਭੀਰ ਸਮੱਸਿਆ ਦਾ ਸਥਾਈ ਹੱਲ ਕੀ ਹੋ ਸਕਦਾ ਹੈ?

**ਪ੍ਰਚਾਰਕ:** ਸਮੂਹ ਸਿੱਖ ਜਗਤ, ਸ੍ਰੀ ਅਕਾਲ ਤਖ਼ਤ ਦੇ ਸਨਮੁੱਖ ਨਿਵੇਦਨ (ਬੇਨਤੀ) ਕਰੇ ਕਿ ਉਹ ਇਕ ਵਿਸ਼ੇਸ਼ ਅਧਿਆਦੇਸ਼ ਜਾਰੀ ਕਰਨ ਕਿ ਬੱਚਿਆਂ ਨੂੰ ਛੇਵੀਂ ਅਤੇ ਸੱਤਵੀਂ ਕਲਾਸ ਤੋਂ ਹੀ ਪਗੜੀ ਬੰਨ੍ਹ ਕੇ ਸਕੂਲ ਵਿਚ ਦਾਖਲੇ ਦੀ ਆਗਿਆ ਦਿੱਤੀ ਜਾਵੇਗੀ (ਜਾਣੀ ਚਾਹੀਦੀ ਹੈ)। ਇਸ ਤਰ੍ਹਾਂ ਪਗੜੀ ਸਕੂਲੀ ਵਰਦੀ ਦਾ ਜ਼ਰੂਰੀ ਅੰਗ ਬਣ ਜਾਣ ਨਾਲ ਲੜਕਿਆਂ ਨੂੰ ਕਿਸ਼ੋਰ ਅਵਸਥਾ ਵਿਚ ਹੀ ਪਗੜੀ ਬੰਨ੍ਹਣ ਦਾ ਅਭਿਆਸ ਹੋ ਜਾਵੇਗਾ। ਛੋਟੀ ਉਮਰ ਵਿਚ ਪੱਕੇ ਤੌਰ ਤੇ ਅਪਣਾਏ ਸੰਸਕਾਰ ਫਿਰ ਜੀਵਨ ਭਰ ਨਾਲ ਨਿਭਦੇ ਹਨ।

ਕੁਝ ਵਪਾਰੀਆਂ ਨੇ ਅੱਜ ਦੀ ਸਿੱਖ ਨੌਜੁਆਨ ਪੀੜੀ ਦੀਆਂ ਕਮਜ਼ੋਰੀਆਂ ਨੂੰ ਚੰਗੀ ਤਰ੍ਹਾਂ ਜਾਂਚ ਲਿਆ ਹੈ। ਉਨ੍ਹਾਂ ਨੇ ਤੁਰੰਤ ਥਾਂ-ਥਾਂ ਤੇ ਪਗੜੀ ਨਾਲ ਮਿਲਦੇ ਜੁਲਦੇ ਆਕਾਰ ਵਿਚ

ਟੋਪੀਆਂ ਵੇਚਣੀਆਂ ਸ਼ੁਰੂਕਰ ਦਿੱਤੀਆਂ ਹਨ। ਜਿਸ ਨਾਲ ਸਿੱਖ ਸਮਾਜ ਵਿਚ ਬਹੁਤ ਭਰਮ ਤੇ ਤਰੁੱਟੀਆਂ ਪੈਦਾ ਹੋ ਗਈਆਂ ਹਨ ਕਿਉਂਕਿ ਜਨ-ਸਧਾਰਨ ਨੂੰ ਗੁਰਮਤਿ (ਸਿੱਖ ਆਚਾਰ ਸੰਹਿਤ/ਸਿੱਖ ਰਹਿਤ ਮਰਯਾਦਾ) ਦਾ ਬਿਲਕੁਲ ਵੀ ਗਿਆਨ ਨਹੀਂ। ਇਸ ਅਗਿਆਨਤਾ ਦੇ ਕਾਰਣ ਸਿੱਖ ਸਮਾਜ ਗੁਰੂਦੇ ਉਪਦੇਸ਼ਾਂ ਤੇ ਉਦੇਸ਼ਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਸ ਲਈ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਚਾਹੀਦਾ ਹੈ ਕਿ ਉਹ 'ਰਹਿਤ ਮਰਯਾਦਾ' ਦੇ ਖਾਸ-ਖਾਸ ਆਦੇਸ਼ ਸਪਸ਼ਟ ਰੂਪ ਵਿਚ ਲਿਖ ਕੇ ਮੁੱਖ ਪ੍ਰਵੇਸ਼ ਦਰਵਾਜੇ ਤੇ ਲਵਾਏ (ਲਗਵਾਏ) ਨਾਲ ਹੀ ਉਨ੍ਹਾਂ ਵਪਾਰੀਆਂ ਨੂੰ ਚਿਤਾਵਨੀ ਦੇਵੇ ਜਿਹੜੇ ਗੁਰਦੁਆਰਾ ਸਾਹਿਬ ਦੇ ਬਾਹਰ ਖੁੱਲ੍ਹੇ ਆਮ ਪਗੜੀ ਨੁਮਾ ਟੋਪੀਆਂ ਵੇਚਦੇ ਹਨ।

ਪਤਿਤ ਹੋਣ ਦੇ ਪ੍ਰਮੁੱਖ ਕਾਰਣਾਂ ਵਿਚੋਂ ਇੱਕ ਵੱਡਾ ਕਾਰਣ ਇਹ ਵੀ ਹੈ ਕਿ ਵਧੇਰੇ ਯੁਵਕਾਂ ਨੂੰ ਪਗੜੀ ਬੰਨ੍ਹਣੀ ਹੀ ਨਹੀਂ ਆਉਂਦੀ ਅਤੇ ਉਹ ਆਲਸ ਭਰਪੂਰ ਜੀਵਨ ਜਿਊਣਾ ਚਾਹੁੰਦੇ ਹਨ। ਇਸ ਲਈ ਸਥਾਨਕ ਕਮੇਟੀਆਂ ਨੂੰ ਚਾਹੀਦਾ ਹੈ ਕਿ ਉਹ ਗੁਰਦੁਆਰਾ ਸਾਹਿਬ ਕਮੇਟੀ ਵਲੋਂ ਯੁਵਕਾਂ ਨੂੰ ਪਗੜੀ ਬੰਨ੍ਹਣੀ ਸਿਖਾਉਣ ਲਈ ਸਿਖਲਾਈ ਕੇਂਦਰ ਖੋਲ੍ਹਣ ਅਤੇ ਸਮੇਂ ਸਮੇਂ ਤੇ ਸੋਹਣੀ ਤੇ ਤੇਜ਼ ਗਤੀ ਨਾਲ ਪਗੜੀ ਬੰਨ੍ਹਣ (ਘੱਟ ਤੋਂ ਘੱਟ ਸਮੇਂ ਵਿਚ) ਦੇ ਮੁਕਾਬਲੇ ਕਰਵਾਉਣ ਦਾ ਪ੍ਰਬੰਧ ਕਰਨ। ਇਸ ਤਰ੍ਹਾਂ ਨੌਜੁਆਨਾਂ ਵਿਚ ਪਗੜੀ ਦੇ ਪ੍ਰਤੀ ਉਤਸ਼ਾਹ ਅਤੇ ਪ੍ਰੇਮ ਜਾਗਰਿਤ ਹੋਵੇਗਾ।



# ਇਕ ਖੁੱਲੀ ਚਿੱਠੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਾਂ

ੴ ਸਤਿਗੁਰ ਪ੍ਰਸਾਦਿ

ਮਿਤੀ.................... ਸਥਾਨ .................

ਸੇਵਾ ਵਿਖੇ

ਜਥੇਦਾਰ ਸਾਹਿਬ,

ਸ੍ਰੀ ਅਕਾਲ ਤਖਤ ਸਾਹਿਬ

ਦੁਆਰਾ-ਧਰਮ ਪ੍ਰਚਾਰ ਕਮੇਟੀ

ਐਸ.ਜੀ.ਪੀ.ਸੀ. (ਅੰਮ੍ਰਿਤਸਰ)

ਵਿਸ਼ਾ:- ਸਿੱਖ ਯੁਵਾ ਪੀੜੀ ਵਿਚ ਬਾਂਦਰ ਟੋਪੀ ਪਾਉਣ ਦੀ ਕੁਰੀਤੀ।

ਵਾਹਿਗੁਰੂਜੀ ਕਾ ਖਾਲਸਾ

ਵਾਹਿਗੁਰੂਜੀ ਕੀ ਫਤਿਹ॥

ਸਨਿਮਰ ਬੇਨਤੀ ਇਹ ਹੈ ਕਿ ਅਜੋਕੇ ਸਮੇਂ ਵਿੱਚ ਸਿੱਖ ਯੁੱਵਕ ਜ਼ਿਆਦਾਤਰ ਪਗੜੀ ਨਹੀਂ ਬੰਨਦੇ। ਜਦਕਿ ਉਹ ਪੂਰੀ ਤਰ੍ਹਾਂ ਯੁਵਾ ਅਵਸਥਾ ਵਿਚ ਹੁੰਦੇ ਹਨ। ਉਹਨਾਂ ਵਿੱਚੋਂ ਕੁਝ ਇੱਕ ਦੇ ਚਿਹਰੇ ਤੇ ਤਾਂ ਪੂਰੀ ਦਾੜੀ ਆ ਚੁੱਕੀ ਹੁੰਦੀ ਹੈ। ਕਈਆਂ ਨੇ ਦਾੜੀ ਫਿਕਸਰ ਆਦਿ ਨਾ ਸੰਤੋਖੀ ਹੁੰਦੀ ਹੈ ਪਰ ਸਿਰ ਉੱਪਰ ਬਾਂਦਰ ਟੋਪੀ ਪਾਈ ਹੁੰਦੀ ਹੈ ਅਤੇ ਕਈਆਂ ਨੇ ਇੱਕ ਹਰ ਤਰ੍ਹਾਂ ਦੀ ਵੀ ਟੋਪੀ ਪਾਈ ਹੁੰਦੀ ਹੈ ਜਿਸਨੂੰ ਅਖੌਤੀ ਪਟਕਾ ਆਖਦੇ ਹਨ ਜਿਸ ਉਪਰ ਖੰਡਾ ਛਪਿਆ ਹੁੰਦਾ ਹੈ ਅਤੇ ਖਾਲਸਾ ਸ਼ਬਦ ਵੀ ਲਿਖਿਆ ਹੁੰਦਾ ਹੈ। ਕੀ ਤੁਸੀਂ ਇਸ ਕੁਰੀਤੀ ਵੱਲ ਧਿਆਨ ਦਿੱਤਾ ਹੈ ਜਾਂ ਇਸ ਸਿੱਖੀ ਵਿਰੋਧੀ ਲਹਿਰ ਨੂੰ ਮਾਨਤਾ ਪ੍ਰਦਾਨ ਕਰ ਦਿੱਤੀ ਹੈ? ਅਸਲ ਵਿੱਚ ਇਸ ਕੁਰੀਤੀ ਦੀ

ਜੜ੍ਹ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਵਿਰੋਧੀ ਧਾਰਮਿਕ ਚੀਜ਼ਾਂ ਵੇਚਣ ਵਾਲੇ ਦੁਕਾਨਦਾਰ ਹੀ ਹਨ ਜੋ ਇਸ ਤਰ੍ਹਾਂ ਦੀਆਂ ਗੁਰਮਤਿ ਵਿਰੋਧੀ ਚੀਜ਼ਾਂ ਦੀ ਕਾਢ ਕੱਢਦੇ ਹਨ ਅਤੇ ਵੇਚਦੇ ਹਨ। ਸਾਡੀ ਤੁਹਾਡੇ ਅੱਗੇ ਸਨਿਮਰ ਬੇਨਤੀ ਹੈ ਕਿ ਜੇਕਰ "ਕਾਬੇ ਵਿੱਚੋਂ ਹੀ ਕੁਫ਼ਰ" ਨਿਕਲੇ ਤਾਂ ਆਮ ਸਿੱਖ ਕਿਸ ਉੱਤੇ ਵਿਸ਼ਵਾਸ਼ ਕਰੇਗਾ। ਕੀ ਵਿਸ਼ ਦੀ ਬੋਤਲ ਤੇ ਅੰਮ੍ਰਿਤ ਲਿਖਣ ਨਾਲ ਉਹ ਅੰਮ੍ਰਿਤ ਬਣ ਜਾਂਦਾ ਹੈ?

ਕੀ ਤੁਸੀ ਕਦੇ ਸੋਚਿਆ ਹੈ ਕਿ ਅਜੋਕੇ ਸਮੇਂ ਵਿੱਚ ਸਿੱਖ ਨੌਜਵਾਨ ਪਗੜ੍ਹੀ ਬਨਣ ਤੋਂ ਕਿਉਂ ਆਲਸ ਕਰਦੇ ਹਨ ਜਾਂ ਪਗ ਬਨਣ ਵਿੱਚ ਕਿਉਂ ਅਸਮਰਥ ਹਨ? ਜਦ ਕਿ ਸਾਡੇ ਬਚਪਨ ਵਿਚ ਭਾਵ ਆਜ਼ਾਦੀ ਦੇ ਦਿਨਾਂ ਵਿੱਚ ਅਸੀ ਅਜਿਹਾ ਨੌਜਵਾਨ ਨਹੀ ਵੇਖਿਆ ਸੀ ਜੋ ਪਗੜੀ ਨਾ ਬਣਦਾ ਹੋਵੇ।

ਅਜ ਹਜ਼ਾਰਾਂ ਨੌਜਵਾਨ ਸ੍ਰੀ ਦਰਬਾਰ ਸਾਹਿਬ ਵਿਚ ਵੀ ਪਟਕਾ ਬੰਨਦੇ ਹੋਏ ਹਾਜ਼ਰੀ ਭਰਦੇ ਦਿਖਾਏ ਦੇਂਦੇ ਹਨ। ਇਸ ਅਧੋਗਤੀ ਦਾ ਕੀ ਕਾਰਨ ਹੋ ਸਕਦਾ ਹੈ ਜਦਕਿ ਸਾਡੀ ਰਹਿਤ ਮਰਿਆਦਾ ਵਿਚ ਸਪਸ਼ਟ ਲਿਖਿਆ ਹੈ ਸਿੰਘ ਲਈ ਪਗੜੀ ਬੰਨਣਾ ਲਾਜ਼ਮੀ ਹੈ ਕਿਉਂਕਿ ਇਹ ਹੁਕਮ ਸਾਹਿਬ ਸ੍ਰੀ ਗੁਰੂਗੋਬਿੰਦ ਸਿੰਘ ਜੀ ਦਾ ਹੈ। ਇਸ ਵਿੱਚ ਕਿਸੇ ਨੂੰ ਵੀ ਛੋਟ ਨਹੀਂ ਦਿੱਤੀ ਜਾ ਸਕਦੀ। ਕੀ ਤੁਸੀਂ ਇਸ ਬਾਰੇ ਕੋਈ ਉਪਰਾਲੇ ਕੀਤੇ ਹਨ ਜਾਂ ਇਸ ਵਿਸ਼ੇ ਵਿੱਚ ਸਿੱਖ ਸਮਾਜ (ਜਗਤ) ਤੋਂ ਸੁਝਾਵ ਮੰਗੇ ਹਨ? ਸਾਡੀ ਪੁਰਾਤਨ ਰਹਿਤ ਮਰਿਆਦਾ ਵਿਚ ਇੱਥੋਂ ਤੱਕ ਲਿਖਿਆ ਹੈ "ਸਿੱਖ ਹੋ ਕੇ ਸਿਰ ਟੋਪੀ ਧਰੇ, ਸਤ ਜਨਮ ਕੁਸ਼ਟੀ ਹੋਏ ਮਰੈ।" ਪਰੰਤੂਅੱਜ ਸਿੱਖ ਯੁਵਕ ਸਿਰ ਤੇ ਜੂੜਾ ਨਾ ਕਰਕੇ ਕੇਸਾਂ ਦੀ ਗੁਤ ਬਨਾ ਕੇ ਉਸ ਉੱਤੇ ਟੋਪੀ ਅਤੇ ਹੈਲਮੇਟ ਪਾ ਲੈਂਦੇ ਹਨ ਤੇ ਫਿਰ ਮੋਟਰ ਸਾਇਕਲ ਅਤੇ ਕਾਰ ਚਲਾਉਂਦੇ ਹਨ। ਹੁਣ ਸਵਾਲ ਉੱਠਦਾ ਹੈ ਕਿ ਇਹ ਖਾਮੀਆਂ ਕਿਸ ਤਰ੍ਹਾਂ ਸਿੱਖ ਸਮਾਜ ਵਿੱਚ ਆ ਗਈਆਂ ਹਨ ਅਤੇ ਇਸ ਦਾ ਕੀ ਕਾਰਨ ਹੋ ਸਕਦਾ ਹੈ? ਇਸਦਾ ਕੀ ਹਲ ਹੋਣ ਚਾਹੀਦਾ ਹੈ?

ਇਸ ਸਮਾਂ ਸੀ ਜਦੋਂ ਸਿੱਖ ਸਿਪਾਹੀਆਂ ਨੂੰ ਬ੍ਰਿਟਿਸ਼ ਲੋਕ ਯੁੱਧ ਸਮੇਂ ਆਤਮ ਰੱਖਿਆ ਲਈ ਹੈਲਮੇਟ ਪਾਉਣ ਦੀ ਸਲਾਹ ਦੇਂਦੇ ਸਨ ਪਰ ਸਿੱਖ ਸੈਨਿਕ ਮੌਤ ਤਾਂ ਪ੍ਰਵਾਨ ਕਰਦੇ ਸਨ ਪਰ ਹੈਲਮੇਟ ਪਹਿਨਣਾ ਨਹੀਂ।ਅਤੇ ਹੁਣ?

ਸਵਾਲ ਇਹ ਉਠੱਦਾ ਹੈ ਜੋ ਯੁਵਕ ਅਜ ਆਪਣੀ ਲਾੜੀ ਦੇ ਨਾਲ ਟੋਪੀ ਪਾ ਕੇ ਬਜ਼ਾਰ ਵਿੱਚ ਘੁੰਮ ਰਿਹਾ ਹੈ ਜਾਂ ਆਪਣੀ ਦੁਕਾਨ ਵਿੱਚ ਟੋਪੀ ਪਾ ਕੇ ਵਿਉਪਾਰ ਕਰ ਰਿਹਾ ਹੈ, ਆਉਣ ਵਾਲੇ ਸਮੇਂ ਵਿੱਚ ਉਹਨਾਂ ਦੀ ਸੰਤਾਨ ਕਿਸ ਤਰ੍ਹਾਂ ਪਗੜੀ ਬਨੇਗੀ।

ਆਪ ਜੀ ਅਜੋਕੇ ਸਮੇਂ ਵਿੱਚ ਸਿੱਖ ਕੌਮ ਦੇ ਮਾਰਗ ਦਰਸ਼ਕ ਹੋ। ਇਸ ਲਈ ਕੌਮ ਦੀ ਅਗਵਾਈ ਆਪ ਜੀ ਦੇ ਹੱਥਾਂ ਵਿੱਚ ਹੈ। ਆਪ ਜੀ ਨੂੰ ਚਾਹੀਦਾ ਹੈ ਕਿ ਸਮੇਂ ਰਹਿਦਿਆਂ ਕੋਈ ਅਜਿਹਾ ਹੁਕਮਨਾਮਾ ਜ਼ਾਰੀ ਕਰੋ ਜਿਸ ਨਾਲ ਸਧਾਰਨ ਸਿੱਖਾਂ ਵਿੱਚ ਮੁੜ ਜਾਗ੍ਰਤੀ ਆਜਾਵੇ ਅਤੇ ਯੁਵਾ ਪੀੜ੍ਹੀ ਵਿੱਚ ਆ ਰਹੀ ਪਤਿਤਪੁਣੇ ਦੀ ਲਹਿਰ ਨੂੰ ਠਲ੍ਹ ਪਾਈ ਜਾ ਸਕੇ।

ਅਸੀ ਆਪ ਜੀ ਨੂੰ ਇਸ ਵਿਸ਼ੇ ਸਬੰਧਤ ਸੁਝਾਓ ਲਿਖੇ ਰਹੇ ਹਾਂ। ਕ੍ਰਿਪਾ ਕਰਕੇ ਆਪ ਜੀ ਇਨ੍ਹਾਂ, ਤੇ ਵਿਚਾਰ ਕਰਕੇ ਵੇਖ ਲੈਣਾ।

1. ਆਪ ਜੀ ਪੰਜਾਬ ਸਰਕਾਰ ਤੇ ਦੁਬਾਓ ਪਾਓ ਕਿ ਉਹ ਛੇਵੀਂ ਜਮਾਤ ਤੋਂ ਹੀ ਸਿੱਖ ਵਿਦਿਆਰਥੀਆਂ ਲਈ ਪਗੜੀ ਬਨਣਾ ਲਾਜ਼ਮੀ ਕਰ ਦੇਵੇ। ਇਸ ਤਰ੍ਹਾਂ ਕਰਨ ਨਾਲ ਬਚਪਨ ਵਿਚ ਹੀ ਮੁੰਡਿਆਂ ਨੂੰ ਪਗੜੀ ਬਨਣੀ ਆ ਜਾਵੇਗੀ।

2. ਇਹ ਹੀ ਕਾਰਜ਼ ਆਪਜੀ ਐਸ.ਜੀ.ਸੀ. ਸਕੂਲ ਵਿੱਚ ਕਰਵਾ ਦਿਓ, ਉਥੇ ਤਾਂ ਆਪਦਾ ਹੁਕਮ ਚਲਦਾ ਹੈ।

3. ਗੁਰਧਾਮਾਂ ਵਿੱਚ ਡਿਊਟੀ ਤੇ ਤੈਨਾਤ ਸੰਤਰੀ ਜਿਥੇ ਸੰਗਤਾਂ ਨੂੰ ਪੈਰ ਧੋਣ ਅਤੇ ਸਿਰ ਢੱਕਣ ਲਈ ਪ੍ਰੇਰਦੇ ਹਨ ਉਥੇ ਉਹ ਨੋਜਵਾਨ ਨੂੰ ਪਗੜੀ ਬੰਨਣ ਲਈ ਦਬਾਓ ਪਾਉਣ ਅਤੇ ਪ੍ਰੇਰਨ ਕਿ ਸਿੱਖ ਨੌਜਵਾਨ ਦਾ ਗੌਰਵ ਪੱਗ ਵਿੱਚ ਹੈ ਅਤੇ ਪਗੜੀ ਬੰਨਣਾ ਗੁਰੂਦਾ ਹੁਕਮ ਹੈ।

4. ਪਟਕਾ ਰੂਪੀ ਟੋਪੀ ਦੇ ਨਿਰਮਾਣ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ।

5. ਆਪ ਜੀ ਇੱਕ ਹੁਕਮ ਨਾਮ ਜ਼ਾਰੀ ਕਰੋ ਕਿ ਪਗੜੀ ਉਹ ਹੀ ਹੋ ਸਕਦੀ ਹੈ ਜੋ ਕਿ ਹੈਲਮੇਟ ਦੀ ਤਰ੍ਹਾਂ ਸਿਰ ਦੀ ਸਰਖਿਆ ਕਰੇ ਭਾਵ ਘੱਟ ਤੋਂ ਘੱਟ ਪੰਜ ਮੀਟਰ ਪਗੜੀ ਦੀ ਲੰਬਾਈ ਹੋਣੀ ਚਾਹੀਦੀ ਹੈ।

6. ਇਸ ਵਿਸ਼ੇ 'ਚ ਰਹਿਤ ਮਰਿਆਦਾ ਦੇ ਕੁਝ ਖਾਸ ਨੁਕਤੇ ਲਿਖਵਾਕੇ ਗੁਰਦੁਆਰਾ ਸਾਹਿਬ ਦੇ ਪ੍ਰਵੇਸ਼ ਦੁਆਰ ਤੇ ਲਗਵਾਏ ਜਾਣ।

7. ਇਸ ਵਿਸ਼ੇ ਵਿੱਚ ਛੋਟੀਆਂ-ਛੋਟੀਆਂ ਪੁਸਤਕਾਂ, ਗੁਰਮਤ ਸਾਹਿਤ ਮੁਫ਼ਤ ਵੰਡਿਆਂ ਜਾਵੇ ਅਤੇ ਨਵਾ ਪ੍ਰਕਾਸ਼ਨ ਤਿਆਰ ਕੀਤਾ ਜਾਵੇ ਤਾਂ ਜੋ ਸਮਾਜ ਵਿੱਚ ਜਾਗ੍ਰਤੀ ਲਿਆਈ ਜਾ ਸਕੇ।

8. ਗਰਮੀਆਂ ਦੀਆਂ ਛੁੱਟੀਆਂ ਵਿੱਚ ਹਰ ਇੱਕ ਗੁਰਦੁਆਰਾ ਸਾਹਿਬ ਵਿੱਚ ਪਗੜੀ ਬੰਨਣ ਦੀ ਸਿਖਲਾਈ ਹੋਣੀ ਚਾਹੀਦੀ ਹੈ ਅਤੇ ਸੋਹਣੀ ਪਗੜੀ ਬੰਨਣ ਦੀ ਪ੍ਰਤੀਯੋਗਤਾ ਦਾ ਆਯੋਜਨ ਕਰਨਾ ਚਾਹੀਦਾ ਹੈ ਜਿਸ ਵਿੱਚ ਕਿਸ਼ੋਰਾ ਨੂੰ ਖਾਸ ਪੁਰਸਕਾਰਾਂ ਨਾਲ ਨਿਵਾਜਾ ਚਾਹੀਦਾ ਹੈ। ਇਸਤਰ੍ਹਾਂ ਯੁਵਕਾਂ ਵਿਚ ਪਗੜੀ ਬੰਨਣ ਦੀ ਰੁਚੀ ਵਧੇਗੀ ਅਤੇ ਉਹ ਉਤਸ਼ਾਹਿਤ ਹੋ ਕੇ ਆਉਣ ਵਾਲੇ ਸਮੇਂ ਵਿੱਚ ਅੰਮ੍ਰਿਤਧਾਰੀ ਬਣਨਗੇ। ਇਸ ਸਮੇਂ ਸਿੱਖ ਜਗਤ ਆਪ ਜੀ ਦੇ ਹੁਕਮ ਦੀ ਉਡੀਕ ਵਿਚ ਹੈ ਜਿਸਦੇ ਅਧਾਰ ਤੇ ਯੁਵਕਾਂ ਨੂੰ ਪਗੜੀ ਬੰਨਣ ਲਈ ਮਜ਼ਬੂਰ ਕੀਤਾ ਜਾ ਸਕੇ। ਨਹੀਂ ਤਾਂ ਉਹ ਦਿਨ ਵੀ ਦੂਰ ਨਹੀਂ ਜਦੋਂ ਸਿੱਖਾਂ ਵਿੱਚ ਵੀ ਮੁਸਲਮਾਨਾਂ ਦੀ ਤਰ੍ਹਾਂ ਪਗੜੀ ਦੀ ਥਾਂ ਟੋਪੀ ਲੈ ਲਵੇਗੀ।

ਜੇਕਰ ਆਪ ਇਸ ਵਿਸ਼ੇ 'ਚ ਕੋਈ ਜਲਦੀ ਕਾਰਗਰ ਕਦਮ ਉਠਾਉਂਦੇ ਹੋ ਤਾਂ ਸਿੱਖ ਸਮਾਜ ਆਪ ਜੀ ਦਾ ਸਦਾ ਅਭਾਰੀ ਰਹੇਗਾ।

ਬੇਨਤੀਕਾਰ ................................ ................................

**ਗੁਰਦੁਆਰਾ ਪ੍ਰਬੰਧਕ ਕਮੇਟੀ**
**ਅਤੇ ਸਾਧ ਸੰਗਤ**

# "ਸਮੀਖਿਆ"

ਸ਼ਰਧਾ ਅਤੇ ਗਿਆਨ ਦੋ ਅਲੱਗ-ਅਲੱਗ ਵਸਤੂਆਂ ਹਨ। ਸਿੱਖ ਸਮਾਜ ਵਿਚ ਆਪਣੇ ਗੁਰੂਪ੍ਰਤੀ ਸ਼ਰਧਾ ਦੀ ਕਮੀ ਨਹੀਂ ਪਰੰਤੂਸਿੱਖ ਗਿਆਨ ਪ੍ਰਾਪਤੀ ਲਈ ਕੋਈ ਖਾਸ ਜਿਗਿਆਸਾ ਨਹੀਂ ਰੱਖਦੇ। ਜਦੋਂ ਕਿ ਉਨ੍ਹਾਂ ਦੇ ਅਸਤਿਤਵ (ਹੋਂਦ) ਦਾ ਮੰਤਵ ਗਿਆਨ ਪ੍ਰਾਪਤ ਕਰਨਾ ਹੀ ਹੈ। ਕਿਉਂਕਿ ਸਿੱਖ ਸ਼ਬਦ ਦਾ ਅਰਥ ਵਿਦਿਆਰਥੀ ਹੈ। ਉਨ੍ਹਾਂ ਦੇ ਗੁਰੂ(ਅਧਿਆਤਿਮਿਕ ਗਿਆਨ ਦੇ ਭੰਡਾਰ) ਸ੍ਰੀ ਗੁਰੂਗ੍ਰੰਥ ਸਾਹਿਬ ਜੀ ਹਨ। ਪਰੰਤੂਵਰਤਮਾਨ ਸਮੇਂ ਵਿਚ ਸਿਰਫ ਇਕ ਪ੍ਰਤੀਸ਼ਤਮ ਸਿੱਖ ਹੀ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਬਾਣੀ ਸਿੱਧੇ ਰੂਪ ਵਿਚ, ਸ੍ਰੀ ਗ੍ਰੰਥ ਸਾਹਿਬ ਵਿਚੋਂ ਪੜ੍ਹਦੇ ਹਨ। ਬਾਕੀ ਸਿਰਫ ਮੱਥਾ ਟੇਕ ਕੇ ਆਪਣੇ ਆਪ ਨੂੰ ਧੰਨ-ਧੰਨ ਸਮਝਣ ਲਗ ਜਾਂਦੇ ਹਨ। ਸ਼ਾਇਦ ਇਸੀ ਲਈ ਸਤਿ-ਸੰਗਤ ਵਿਚ ਨਾ ਆਉਣ ਦੇ ਕਾਰਣ ਅਗਿਆਨਤਾ ਵਸ ਸਹਿਜੇ-ਸਹਿਜੇ ਸਿੱਖ ਸਮਾਜ ਪਤਨ ਦੀ ਤਰਫ਼ ਵੱਧਦਾ ਹੀ ਚਲਾ ਜਾ ਰਿਹਾ ਹੈ। ਕਿਉਂਕਿ ਸਿਰਫ ਸ਼ਰਧਾ ਦੇ ਆਸਰੇ ਸਿੱਖੀ ਕਦੋਂ ਤੱਕ ਟਿਕੇਗੀ। ਅਸਲ ਵਿਚ ਸ਼ਰਧਾ ਅਤੇ ਗਿਆਨ ਦਾ ਸੁਮੇਲ ਹੋਣਾ ਅਤਿ ਜ਼ਰੂਰੀ ਹੈ। ਕਿਉਂਕਿ ਇਹ ਦੋਨੋਂ ਇਕ ਦੂਜੇ ਦੇ ਪੂਰਕ ਹਨ, ਬਿਲਕੁਲ ਉਵੇਂ ਹੀ ਜਿਵੇਂ ਕਿਸੀ ਬੰਦੇ ਦੇ ਕੋਲ ਕੰਪਿਊਟਰ ਹੋਵੇ ਪਰੰਤੂਉਸ ਨੂੰ ਵਰਤਣ ਦਾ ਗਿਆਨ ਨਾ ਹੋਵੇ। ਦੂਜੀ ਤਰਫ ਕਿਸੀ ਬੰਦੇ ਪਾਸ ਕੰਪਿਊਟਰ ਓਪਰੇਟਿੰਗ ਦੀ ਡਿਗਰੀ ਹੋਵੇ ਪਰੰਤੂਉਸ ਕੋਲ ਕੰਪਿਊਟਰ ਨਾ ਹੋਵੇ। ਅਜਿਹੀ ਹਾਲਤ ਵਿਚ ਦੋਨੋਂ ਮਨੁੱਖ ਅਸਫਲ ਸਿੱਧ ਹੋਣਗੇ। ਠੀਕ ਇਸ ਪ੍ਰਕਾਰ ਅੱਜ ਦੇ ਸਿੱਖ ਸਮਾਜ ਦੀ ਅਸਫਲਤਾ ਦਾ ਕਾਰਣ ਗਿਆਨ ਅਤੇ ਸ਼ਰਧਾ ਦਾ ਸੁਮੇਲ ਦਾ ਨਾ ਹੋਣਾ ਹੈ। ਸਿੱਖਾਂ ਪਾਸ ਚੰਗੇ ਸਹਿਤ ਦੀ ਤਾਂ ਕੋਈ ਕਮੀ ਨਹੀਂ ਪਰੰਤੂ ਸਿੱਖਾਂ ਵਿਚ ਪੜ੍ਹਣ ਦੀ ਰੁਚੀ ਨਾਂ ਹੋਣ ਕਾਰਣ, ਹਰ ਦੂਜਾ ਪਰਿਵਾਰ ਪਤਿਤ ਦਾ ਸ਼ਿਕਾਰ ਹੋ ਰਿਹਾ ਹੈ।



ਸੈਕਟਰ-34 ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੁਆਰਾ ਫੁਰਤੀ ਨਾਲ ਆਕਸ਼ਿਕ ਪਗੜੀ ਬਣਨ ਦੀ ਪ੍ਰਤੀਯੋਗਤਾ ਦੇ ਵਿਜੇਤਾ ਯੁਵਕਾਂ ਨੂੰ ਪੁਰਸਕਾਰ ਵੰਡਣ ਦੇ ਸਮਾਗਮ ਦਾ ਇਕ ਦ੍ਰਿਸ਼

ਆਪ ਜੀ ਦਾ ਸ਼ੁਭ ਚਿੰਤਕ

ਲੇਖਕ-ਜਸਵੀਰ ਸਿੰਘ

# ਸਮਾਪਤ

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in


E-mail : info@sikhworld.info
&
jasbirsikhworldinfo@gmail.com


ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ੂਰਰ ਦੇਖੋ ਅਤੇ ਪੜੋ ਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

ਨੋਟ :- ਇਹ ਕਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।


-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ


ਨੋਟ:-


1. ਜੇਕਰ ਕੋਈ ਇਸ ਨੂੰ ਦੂਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।

2. यदि कोई इसे पुनः प्रकाशित करवाना चाहे तो वह निःशुल्क बटवा सकता है।

Download Free